
# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize


FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com



Laddi



# SASH FLEET HOLDING LTD
Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment



HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

# TOTAL HOME
Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

SPECIAL SUMMER SALE

Guaranteed lowest Price up to 50% OFF

- WINDOWS
- STEEL DOORS
- FIBERGLASS DOORS
- SLIDING PATIO DOORS

- ਸਹੀ ਅਤੇ ਵਾਜਿਬ ਕੀਮਤ
- ਵਧੀਆ ਕੁਆਲਟੀ
- ਪ੍ਰੋਫੈਸ਼ਨਲ ਕੰਮ
- ਨੰਬਰ 1 ਸਰਵਿਸ

ਵਧੇਰੀ ਜਾਣਕਾਰੀ ਲਈ ਸਾਡੀ ਵੇਬਸਾਈਟ ਦੇਖੋ
https://thwindowsdoors.com



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder



1st Month Discount

FREE CONSULTATION: 905-415-6999
30 Wertheim court, Unit 11, Richmond Hill

# Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਪੰਜਾਬ ਸਰਕਾਰ ਨੇ ਫੈਸਲਾ ਨਵਾਂ ਕੀਤਾ,
ਬਣਵਾਈ ਜਾਵਣੀ ਆ ਯਾਦਗਾਰ ਬੇਲੀ।
ਬੇਅਦਬੀ ਹੋਈ ਬਰਗਾੜੀ ਦੇ ਵਿੱਚ ਹੈਸੀ,
ਉਸ ਥਾਂ ਜਾਣੀ ਇਹ ਕਰੀ ਤਿਆਰ ਬੇਲੀ।
ਕਈਆਂ ਪਾਸਿਆਂ ਤੋਂ ਹੋਈ ਮੰਗ ਸੀਗੀ,
ਆਖਰ ਮੰਨ ਗਈ ਕੱਲ੍ਹ ਸਰਕਾਰ ਬੇਲੀ।
ਅਫਸਰ ਤਿੰਨ ਕਮੇਟੀ ਵਿੱਚ ਪਾਏ ਨੇ ਜੀ,
ਲਾਉਣਾ ਜਿਨ੍ਹਾਂ ਨੇ ਕੰਮ ਆਹ ਪਾਰ ਬੇਲੀ।
ਅਕਾਲੀ ਆਗੂਆਂ ਅਜੇ ਨਹੀਂ ਚੁੱਪ ਤੋੜੀ,
ਪੈਂਤੜਾ ਮੱਲਣਾ ਕੀ ਇਸ ਦੇ ਵੱਲ ਬੇਲੀ।
ਇਹਦੇ ਨਾਲ ਹੈ ਜਿੰਦਾਂ ਦਾ ਅਸਰ ਹੋਣਾ,
ਬਾਹਲਾ ਸੌਖਾ ਨਾ ਹੋਣਾ ਉਹ ਝੱਲ ਬੇਲੀ।

**ਤੀਸ ਮਾਰ ਖਾਂ**

# ਹੈਮਿਲਟਨ ਵਿੱਚ ਹੋਏ ਹਾਦਸੇ ਵਿੱਚ ਇੱਕ ਹਲਾਕ, ਇੱਕ ਜ਼ਖ਼ਮੀ

ਹੈਮਿਲਟਨ, 17 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਨੂੰ ਹੈਮਿਲਟਨ ਵਿੱਚ ਦੋ ਗੱਡੀਆਂ ਦੀ ਹੋਈ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਗੰਭੀਰ ਜ਼ਖ਼ਮੀ ਹੋ ਗਿਆ।

ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਅਨੁਸਾਰ ਇਸ ਹਾਦਸੇ ਤੋਂ ਬਾਅਦ ਅਧਿਕਾਰੀਆਂ ਨੂੰ 12ਵੇਂ ਕੰਸੈਸ਼ਨ ਨੇੜੇ ਹਾਈਵੇਅ 6 ਉੱਤੇ ਸੱਦਿਆ ਗਿਆ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਹਾਦਸੇ ਵਿੱਚ ਕੋਈ ਹੋਰ ਗੱਡੀ ਵੀ ਸ਼ਾਮਲ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਲਾਕੇ ਦੀਆਂ ਰੋਡਜ਼ ਨੂੰ ਹਾਲ ਦੀ ਘੜੀ ਬੰਦ ਕੀਤਾ ਗਿਆ ਹੈ।



# ਲਲਤੋਂ, ਝਾਂਡੇ, ਥਰੀਕੇ ਅਤੇ ਠੱਕਰਵਾਲ ਦੇ ਨਗਰਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 19 ਤੋਂ

ਲਲਤੋਂ, ਝਾਂਡੇ, ਥਰੀਕੇ ਅਤੇ ਠੱਕਰਵਾਲ ਦੇ ਨਗਰਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਵਾਰ ਫਿਰ ਆਪਣੇ ਨਗਰ ਨਿਵਾਸੀ ਰਲ ਮਿਲਕੇ 19, 20 ਅਤੇ 21 ਜੁਲਾਈ 2019 ਨੂੰ Guruduara Sikh Sangat 32 Regan Rd, Brampton, ON L7A 1A7 ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ । ਆਪ ਸਮੂਹ ਨਗਰ ਨਿਵਾਸੀ ਇਸ ਸਮੇਂ ਦੌਰਾਨ ਗੁਰਦੁਆਰਾ ਸਾਹਿਬ ਆ ਕਰਕੇ ਇਸ ਸਮੇਂ ਦਾ ਲਾਭ ਉਠਾਆਉਣ ਦੀ ਕ੍ਰਿਪਾਲਤਾ ਕਰੋ ਜੀ। ਵਧੇਰੇ ਜਾਣਕਾਰੀ ਲਈ ਜਸਵੰਤ ਸਿੰਘ ਪੀ.ਆਰ.ਟੀ.ਸੀ.ਨਾਲ 416-617-3275 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਰਬਤ ਦੇ ਭਲੇ ਵਾਸਤੇ ਸੂਬੇਦਾਰ ਅਵਤਾਰ ਸਿੰਘ 647 400 0060

# ਬਰੈਂਪਟਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਗੰਭੀਰ ਜ਼ਖ਼ਮੀ




ਬਰੈਂਪਟਨ, 17 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਬਰੈਂਪਟਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਪੁਰਸ਼ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ। ਪੀਲ ਪੁਲਿਸ ਨੂੰ ਮੇਨ ਤੇ ਕੁਈਨ ਸਟਰੀਟਸ ਇਲਾਕੇ ਵਿੱਚ ਰਾਤੀਂ 8:10 ਦੇ ਨੇੜੇ ਤੇੜੇ ਸੱਦਿਆ ਗਿਆ। ਪੀਲ ਰੀਜਨਲ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਫਿਰ ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਹੁਣ ਤੱਕ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਇੱਕ ਹੋਰ ਮਸ਼ਕੂਕ ਦੀ ਭਾਲ ਕਰ ਰਹੇ ਹਨ, ਜੋ ਕਿ ਸਿਆਹ ਨਸਲ ਦਾ ਦੱਸਿਆ ਜਾ ਰਿਹਾ ਹੈ। ਜਿਸ ਦਾ ਕੱਦ ਪੰਜ ਫੁੱਟ 10 ਇੰਚ ਹੈ ਤੇ ਜਿਸ ਨੇ ਗੂੜ੍ਹੇ ਰੰਗ ਦੀ ਪੈਂਟ ਤੇ ਚਿੱਟੇ ਰੰਗ ਦੇ ਜੁੱਤੇ ਪਾਏ ਹੋਏ ਸਨ।




# ਏ ਟੀ ਐੱਮ ਨਾ ਟੁੱਟਾ ਤਾਂ ਉਖਾੜ ਲਿਆ, ਰਾਹ ਵਿੱਚ ਮਸ਼ੀਨ ਡਿੱਗੀ ਤਾਂ ਲੁਟੇਰੇ ਛੱਡ ਕੇ ਭੱਜੇ

ਅੰਮ੍ਰਿਤਸਰ, 17 ਜੁਲਾਈ (ਪੋਸਟ ਬਿਊਰੋ)- ਪਿੰਡ ਲੋਹਾਰਕਾ ਕਲਾਂ ਵਿੱਚ ਲੁਟੇਰਿਆਂ ਨੇ ਅੱਧੀ ਰਾਤ ਪੰਜਾਬ ਤੇ ਸਿੰਧ ਬੈਂਕ ਦਾ ਏ ਟੀ ਐੱਮ ਨੂੰ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਜਦ ਇਹ ਨਹੀਂ ਟੁੱਟਿਆ ਤਾਂ ਲੁਟੇਰੇ ਉਖਾੜ ਕੇ ਲੈ ਗਏ। ਉਹ ਇੰਨੇ ਚਲਾਕ ਅਤੇ ਤਿਆਰੀ ਵਿੱਚ ਸਨ ਕਿ ਪੂਰੀ ਵਾਰਦਾਤ ਨੂੰ 20 ਮਿੰਟ ਲੱਗੇ। ਰਸਤੇ ਵਿੱਚ ਏ ਟੀ ਐੱਮ ਲੁਟੇਰਿਆਂ ਦੀ ਗੱਡੀ ਤੋਂ ਸੜਕ 'ਤੇ ਡਿੱਗ ਗਈ ਤਾਂ ਉਹ ਛੱਡ ਕੇ ਫਰਾਰ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਲੋਹਾਰਕਾ ਰੋਡ 'ਤੇ ਪੰਜਾਬ ਐਂਡ ਸਿੰਧ ਬੈਂਕ ਦੇ ਬਾਹਰ ਏ ਟੀ ਐਮ ਹੈ। ਸੁਰੱਖਿਆ ਦੇ ਲਈ ਰਾਤ ਨੂੰ ਏ ਟੀ ਐੱਮ ਬੰਦ ਕਰ ਦਿੱਤਾ ਜਾਂਦਾ ਹੈ। ਕੱਲ੍ਹ ਸਵੇਰੇ ਪਿੰਡ ਦੇ ਲੋਕਾਂ ਨੇ ਦੇਖਿਆ ਕਿ ਏ ਟੀ ਐਮ ਦਾ ਸ਼ਟਰ ਟੁੱਟਿਆ ਅਤੇ ਅੰਦਰੋਂ ਮਸ਼ੀਨ ਗਾਇਬ ਸੀ। ਲੋਕਾਂ ਨੇ ਬੈਂਕ ਅਧਿਕਾਰੀਆਂ ਅਤੇ ਪੁਲਸ ਨੂੰ ਦੱਸਿਆ ਬੈਂਕ ਮੈਨੇਜਰ ਦੀਪਕ ਅਰੋੜਾ ਤੇ ਥਾਣਾ ਕੰਬੋ ਦੀ ਪੁਲਸ ਮੌਕੇ ਉੱਤੇ ਪਹੁੰਚੀ। ਬੈਂਕ ਅਤੇ ਏ ਟੀ ਐੱਮ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਠੀਕ ਹਾਲਤ ਵਿੱਚ ਸਨ। ਫੁਟੇਜ ਦੇ ਅਨੁਸਾਰ ਤਿੰਨ ਲੁਟੇਰੇ ਗੱਡੀ ਵਿੱਚ ਸਵਾਰ ਹੋ ਕੇ ਰਾਤ 2.35 ਉਤੇ ਏ ਟੀ ਐਮ ਦੇ ਬਾਹਰ ਪਹੁੰਚੇ ਐਤ ਗੈਸ ਕਟਰ ਨਾਲ ਸ਼ਟਰ ਨੂੰ ਕੱਟਿਆ। ਇਸ ਦੇ ਬਾਅਦ ਦੋ ਲੁਟੇਰੇ ਏ ਟੀ ਐਮ ਦੇ ਅੰਦਰ ਗਏ ਅਤੇ ਰਾਡ ਨਾਲ ਏ ਟੀ ਐੱਮ ਤੋੜਨ ਦੀ ਕੋਸ਼ਿਸ਼ ਕੀਤੀ। ਏ ਟੀ ਐੱਮ ਨਹੀਂ ਟੁੱਟੀ ਤਾਂ ਲੁਟੇਰਿਆਂ ਨੇ ਲੋਹੇ ਦੀ ਮੋਟੀ ਤਾਰ ਕੱਢੀ। ਉਸ ਨੂੰ ਇੱਕ ਪਾਸੇ ਤੋਂ ਏ ਟੀ ਐੱਮ ਨਾਲ ਤੇ ਦੂਸਰੇ ਪਾਸੇ ਤੋਂ ਆਪਣੀ ਗੱਡੀ ਨਾਲ ਬੰਨ੍ਹ ਕੇ ਉਸ ਦੀ ਮਦਦ ਨਾਲ ਖਿੱਚ ਕੇ ਉਖਾੜ ਦਿੱਤਾ। 2.35 'ਤੇ ਏ ਟੀ ਐਮ ਨੂੰ ਉਖਾੜ ਕੇ ਗੱਡੀ ਵਿੱਚ ਰੱਖਿਆ ਅਤੇ ਚਲਦੇ ਬਣੇ। ਪੁਲਸ ਜਾਂਚ ਵਿੱਚ ਲੱਗੀ ਸੀ ਤਾਂ ਉਥੋਂ ਦੁੱਧ ਲੈ ਕੇ ਲੰਘਦੇ ਕਿਸਾਨ ਨੇ ਦੱਸਿਆ ਕਿ ਪਿੰਡ ਦੇ ਬਾਹਰ ਸੜਕ ਵਿੱਚ ਏ ਟੀ ਐੱਮ ਪਈ ਹੈ। ਪੁਲਸ ਮੌਕੇ 'ਤੇ ਪਹੁੰਚੀ ਅਤੇ ਮਸ਼ੀਨ ਨੂੰ ਕਬਜ਼ੇ ਵਿੱਚ ਲੈ ਲਿਆ। ਮਸ਼ੀਨ ਵਿੱਚ 2 ਲੱਖ 60000 ਸਨ। ਪੁਲਸ ਦਾ ਕਹਿਣਾ ਹੈ ਕਿ ਰਾਤ ਨੂੰ ਜਦ ਲੁਟੇਰੇ ਏ ਟੀ ਐੱਮ ਲਿਜਾ ਰਹੇ ਸਨ ਤਾਂ ਮਸ਼ੀਨ ਸੜਕ 'ਤੇ ਡਿੱਗ ਗਈ। ਕਿਸੇ ਵਾਹਨ ਦੇ ਆਉਣ ਦੇ ਕਾਰਨ ਲੁਟੇਰੇ ਛੱਡ ਕੇ ਫਰਾਰ ਹੋ ਗਏ।

# ਫਾਂਸੀ ਦੀ ਮੰਗ ਕਰਨ ਉੱਤੇ ਰਾਜੋਆਣਾ ਨੇ ਬਿੱਟੂ ਨੂੰ ਮੋੜਵਾਂ ਜਵਾਬ ਦਿੱਤਾ



ਪਟਿਆਲਾ, 17 ਜੁਲਾਈ (ਪੋਸਟ ਬਿਊਰੋ)- ਲੋਕ ਸਭਾ ਵਿੱਚ ਐਨ ਆਈ ਏ ਦੇ ਸੋਧ ਬਿੱਲ ਉਤੇ ਬਹਿਸ ਦੌਰਾਨ ਕਾਂਗਰਸ ਪਾਰਟੀ ਦੇ ਐਮ ਪੀ ਰਵਨੀਤ ਸਿੰਘ ਬਿੱਟੂ ਵੱਲੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਵਾਲੇ ਬਲਵੰਤ ਸਿੰਘ ਰਾਜੋਆਣਾ ਨੂੰ ਜਲਦੀ ਫਾਂਸੀ ਦੀ ਮੰਗ ਬਾਰੇ ਰਾਜੋਆਣਾ ਨੇ ਮੋੜਵੀਂ ਟਿੱਪਣੀ ਕੀਤੀ ਹੈ।

ਰਾਜੋਆਣਾ ਦਾ ਕਹਿਣਾ ਹੈ ਕਿ ਬਿੱਟੂ ਤੇ ਕਾਂਗਰਸੀ ਆਗੂ ਦੱਸਣ ਕਿ ਦਿੱਲੀ ਦੰਗਿਆਂ ਦੌਰਾਨ ਮਾਰੇ ਗਏ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਾਤਲਾਂ ਨੂੰ, ਸਿੱਖਾਂ ਦੀਆਂ ਧੀਆਂ ਭੈਣਾਂ ਦੀ ਬੇਪਤੀ ਕਰਕੇ ਉਨ੍ਹਾਂ ਨੂੰ ਮਾਰਨ ਵਾਲੇ ਬਲਾਤਕਾਰੀਆਂ ਅਤੇ ਪੰਜਾਬ ਦੀ ਧਰਤੀ ਉਤੇ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰੇ ਗਏ 25,000 ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਫਾਂਸੀ ਦੇਣ ਦੀ ਮੰਗ ਕਦੇ ਕਿਉਂ ਨਹੀਂ ਕੀਤੀ? ਪਟਿਆਲਾ ਜੇਲ੍ਹ ਤੋਂ ਆਪਣੀ ਭੈਣ ਕਮਲਦੀਪ ਕੌਰ ਰਾਜੋਆਣਾ ਦੇ ਰਾਹੀਂ ਮੀਡੀਆ ਨੂੰ ਭੇਜੇ ਪੱਤਰ ਵਿੱਚ ਰਾਜੋਆਣਾ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਅਤੇ ਕਾਨੂੰਨ ਸਾਰਿਆਂ ਲਈ ਬਰਾਬਰ ਹੈ ਤਾਂ ਉਨ੍ਹਾਂ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਫਾਂਸੀ ਦੀਆਂ ਸਜ਼ਾਵਾਂ ਕਿਉਂ ਨਹੀਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਜੇ ਬਿੱਟੂ ਝੂਠੇ ਪੁਲਸ ਮੁਕਾਬਲੇ ਵਿੱਚ ਕਤਲ ਕੀਤੇ ਸਿੱਖ ਨੌਜਵਾਨ ਦੇ ਕਤਲ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਚਾਰ ਪੁਲਸ ਮੁਲਾਜ਼ਮਾਂ ਨੂੰ ਚਾਰ ਸਾਲਾਂ ਪਿੱਛੋਂ ਕਾਂਗਰਸ ਸਰਕਾਰ ਵੱਲੋਂ ਛੱਡਣ ਦੇ ਵਿਰੁੱਧ ਪਾਰਲੀਮੈਂਟ ਵਿੱਚ ਆਵਾਜ਼ ਉਠਾਉਂਦੇ। ਉਨ੍ਹਾਂ ਕਿਹਾ ਕਿ ਤਖਤਾਂ 'ਤੇ ਬੈਠੇ ਜਥੇਦਾਰ ਕਾਂਗਰਸੀ ਹੁਕਮਰਾਨਾਂ ਦੇ ਗਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਿਰੋਪੇ ਪਾ ਰਹੇ ਹਨ।




# ਖਸ਼ੋਗੀ ਕਤਲ ਕਾਂਡ ਬਾਰੇ ਅਮਰੀਕਾ ਵੱਲੋਂ ਬਿੱਲ ਪਾਸ

ਵਾਸ਼ਿੰਗਟਨ, 17 ਜੁਲਾਈ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਮੈਂਬਰਾਂ ਨੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਕੇਸ ਵਿੱਚ ਸ਼ਾਮਲ ਸਾਊਦੀ ਅਰਬ ਦੇ ਅਧਿਕਾਰੀਆਂ ਦੇ ਪਾਬੰਦੀ ਲਾਉਣ ਨਾਲ ਸਬੰਧਤ ਮਤਾ ਸਰਬ ਸਹਿਮਤੀ ਨਾਲ ਪਾਸ ਕਰ ਦਿੱਤਾ ਹੈ। ਪਾਰਲੀਮੈਂਟ ਮੈਂਬਰ ਟੌਮ ਮੇਲਿਨੋਵਸਕੀ ਨੇ ਹੇਠਲੇ ਸਦਨ ਪ੍ਰਤੀਨਿਧੀ ਸਭਾ 'ਚ 'ਸਾਊਦੀ ਅਰਬ ਮਨੁੱਖੀ ਅਧਿਕਾਰ ਤੇ ਜਵਾਬਦੇਹੀ ਐਕਟ' ਪੇਸ਼ ਕੀਤਾ ਸੀ। ਇਸ ਨੂੰ 405 ਮੈਂਬਰਾਂ ਦੀ ਹਮਾਇਤ ਮਿਲੀ। ਇਸ ਤਹਿਤ ਰਾਸ਼ਟਰੀ ਖੁਫੀਆ ਏਜੰਸੀ ਨੂੰ ਖਸ਼ੋਗੀ ਦੀ ਹੱਤਿਆ 'ਚ ਸ਼ਾਮਲ ਅਧਿਕਾਰੀਆਂ ਦੀ ਪਛਾਣ ਜਨਤਕ ਕਰਨੀ ਪਵੇਗੀ। ਇਸ ਬਾਰੇ ਸਬੰਧਤ ਲੋਕਾਂ ਉਤੇ ਵੀਜ਼ਾ ਅਤੇ ਯਾਤਰਾ ਪਾਬੰਦੀ ਦਾ ਪ੍ਰਸਤਾਵ ਹੈ। ਬਿੱਲ ਦਾ ਸੱਤਾਧਾਰੀ ਰਿਪਬਲਿਕਨ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਸਮਰਥਨ ਕੀਤਾ ਹੈ। ਰਾਸ਼ਟਰਪਤੀ ਟਰੰਪ ਸਾਊਦੀ ਦੇ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੀ ਹਮਾਇਤ 'ਚ ਹਨ। ਸਾਊਦੀ ਪ੍ਰਿੰਸ 'ਤੇ ਹੀ ਖਸ਼ੋਗੀ ਦੀ ਹੱਤਿਆ ਦਾ ਆਦੇਸ਼ ਦੇਣ ਦਾ ਦੋਸ਼ ਹੈ। ਅਮਰੀਕਾ 'ਚ ਰਹਿ ਰਹੇ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਖਸ਼ੋਗੀ ਦੀ ਪਿਛਲੇ ਸਾਲ ਅਕਤੂਬਰ 'ਚ ਇਸਤਾਂਬੁਲ ਦੇ ਸਾਊਦੀ ਅਰਬ ਦੇ ਵਪਾਰਕ ਕੌਂਸਲੇਟ 'ਚ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਦੀ ਲਾਸ਼ ਬਰਾਮਦ ਨਹੀਂ ਹੋ ਸਕੀ ਸੀ। ਅਮਰੀਕੀ ਖੁਫੀਆ ਏਜੰਸੀਆਂ ਇਸ ਹੱਤਿਆ 'ਚ ਸਾਊਦੀ ਪ੍ਰਿੰਸ ਦਾ ਹੱਥ ਹੋਣ ਦਾ ਦਾਅਵਾ ਕਰ ਚੁੱਕੀਆਂ ਹਨ।












# ਸੰਸਾਰ ਅਦਾਲਤ ਦਾ ਫੈਸਲਾ: ਕੁਲਭੂਸ਼ਣ ਜਾਧਵ ਨੂੰ ਪਾਕਿਸਤਾਨ ਸਰਕਾਰ ਫਾਂਸੀ ਨਹੀਂ ਦੇ ਸਕੇਗੀ


ਨਵੀਂ ਦਿੱਲੀ, 17 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੀ ਕੈਦ ਵਿੱਚ ਬੰਦ ਭਾਰਤ ਦੇ ਨਾਗਰਿਕ ਕੁਲਭੂਸ਼ਣ ਜਾਧਵ ਦੇ ਕੇਸ ਵਿਚ ਇੰਟਰਨੈਸ਼ਨਲ ਕੋਰਟ ਆਫ ਜਸਟਿਸ (ਆਈ ਸੀ ਜੇ) ਨੇ ਫ਼ੈਸਲਾ ਦੇਂਦੇ ਹੋਏ ਉਸ ਦੀ ਫਾਂਸੀ ਉੱਤੇ ਰੋਕ ਲਾ ਦਿੱਤੀ ਹੈ। ਨੀਦਰਲੈਂਡ ਵਿਚ ਹੇਗ ਵਿਚਲੇ'ਪੀਸ ਪੈਲੇਸ' ਵਿਚ ਜਨਤਕ ਸੁਣਵਾਈਪਿੱਛੋਂ ਇਸ ਸੰਸਾਰ ਅਦਾਲਤ ਦੇ ਮੁੱਖ ਜੱਜ ਅਬਦੁਕਾਵੀ ਅਹਿਮਦ ਯੂਸੁਫ ਨੇ ਇਹ ਫ਼ੈਸਲਾ ਪੜ੍ਹ ਕੇ ਸੁਣਾਇਆ।

ਵਰਨਣ ਯੋਗ ਹੈ ਕਿ ਭਾਰਤ ਦੀ ਸਮੁੰਦਰੀ ਫੌਜ ਦੇ ਸੇਵਾਮੁਕਤ ਅਧਿਕਾਰੀਕੁਲਭੂਸ਼ਣ ਜਾਧਵ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਅਪਰੈਲ 2017 ਵਿੱਚ ਬੰਦ ਕਮਰੇ ਵਿੱਚ ਸੁਣਵਾਈ ਤੋਂ ਬਾਅਦ ਜਾਸੂਸੀ ਅਤੇ ਅੱਤਵਾਦ ਦੇ ਦੋਸ਼ਾਂ ਹੇਠ ਮੌਤ ਦੀ ਸਜ਼ਾ ਸੁਣਾਈ ਸੀ। ਇਸ ਫੈਸਲੇ ਉੱਤੇ ਭਾਰਤ ਨੇ ਸਖਤ ਪ੍ਰਤੀਕਿਰਿਆ ਕੀਤੀ ਸੀ। ਪਿਛਲੇ ਹਫਤੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ ਸੀ ਕਿ ਉਨ੍ਹਾਂ ਦਾ ਦੇਸ਼ ਜਾਧਵ ਕੇਸ ਵਿਚਆਈ ਸੀ ਜੇ ਦੇ ਫੈਸਲੇ ਤੋਂ ਪਹਿਲਾਂ ਕੁਝਨਹੀਂ ਕਹਿ ਸਕਦਾ, ਪਰ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਨੇ ਆਈ ਸੀ ਜੇ ਵਿੱਚ ਆਪਣਾ ਪੱਖ ਜ਼ੋਰਦਾਰ ਤਰੀਕੇ ਨਾਲ ਰੱਖਿਆ ਹੈ। ਇਸ ਦੇ ਬਾਅਦ ਕੇਸ ਦੇ ਫੈਸਲੇ ਵਿੱਚ ਪਾਕਿਸਤਾਨ ਦੀ ਹਾਰ ਹੋ ਗਈ ਹੈ।

### * ਜੱਜਾਂ ਵੱਲੋਂ 15-1 ਨਾਲ ਭਾਰਤ ਦੇ ਹੱਕ ਵਿਚ ਫ਼ੈਸਲਾ

ਭਾਰਤ ਸਰਕਾਰ ਨੇ ਪਾਕਿਸਤਾਨ ਵੱਲੋਂ ਵਿਆਨਾ ਸੰਧੀ ਕਾਨੂੰਨਾਂ ਦੇ ਖੁੱਲ੍ਹੇ ਉਲੰਘਣ ਦੇ ਵਿਰੁੱਧ 8 ਮਈ 2017 ਨੂੰ ਆਈ ਸੀ ਜੇ ਦਾ ਦਰਵਾਜ਼ਾ ਖੜਕਾਇਆ ਸੀ ਅਤੇ ਉਸ ਵੇਲੇਆਈ ਸੀ ਜੇ ਦੀ 10 ਮੈਂਬਰੀ ਬੈਂਚ ਨੇ 18 ਮਈ 2017 ਨੂੰ ਪਾਕਿਸਤਾਨ ਸਰਕਾਰ ਨੂੰ ਕੁਲਭੂਸ਼ਣ ਜਾਧਵ ਦੀ ਮੌਤ ਦੀ ਸਜ਼ਾ ਉੱਤੇ ਅਮਲ ਕਰਨ ਤੋਂ ਰੋਕ ਦਿੱਤਾ ਸੀ। ਆਈ ਸੀ ਜੇ ਦੀ ਸੁਣਵਾਈ ਦੌਰਾਨ ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਆਪੋ-ਆਪਣਾ ਪੱਖ ਰੱਖਿਆ ਅਤੇ ਜਵਾਬ ਦਿੱਤੇ ਸਨ। ਅੰਤਮ ਫੈਸਲੇ ਵਿੱਚ ਅੱਜ ਇਸ ਕੋਰਟ ਦੇ 16ਵਿੱਚੋਂ 15 ਜੱਜਾਂ ਨੇ ਭਾਰਤ ਦਾ ਪੱਖਠੀਕ ਮੰਨਿਆ ਤੇ ਪਾਕਿਸਤਾਨ ਦੇ ਪੱਖ ਵਿੱਚ ਸਿਰਫ ਪਾਕਿਸਤਾਨੀ ਇੱਕ ਜੱਜ ਹੀ ਭੁਗਤਿਆ, ਬਾਕੀ ਸਾਰੀ ਦੁਨੀਆ ਦੇ ਜੱਜ ਉਸ ਦੇ ਖਿਲਾਫ ਰਹੇ।

ਚੀਫ ਜਸਟਿਸ ਅਬਦੁਲਕਾਵੀ ਅਹਿਮਦ ਯੂਸੁਫ ਨੇ ਜਿਹੜਾ ਫੈਸਲਾ ਪੜ੍ਹ ਕੇ ਸੁਣਾਇਆ, ਉਸ ਮੁਤਾਬਕ ਸੰਸਾਰ ਦੀ ਅਦਾਲਤ ਨੇ ਪਹਿਲੀ ਗੱਲ ਇਹ ਕਹੀ ਹੈ ਕਿ ਕੁਲਭੂਸ਼ਣ ਜਾਧਵ ਦੀ ਫਾਂਸੀ ਦੀ ਸਜ਼ਾਰੋਕ ਕੇ ਪਾਕਿਸਤਾਨ ਸਰਕਾਰ ਨੂੰ ਉਸ ਦੀ ਸਜ਼ਾ ਦੀ ਸਮੀਖਿਆ ਕਰਨੀ ਹੋਵੇਗੀ।ਕੋਰਟ ਨੇ



ਕਿਹਾ ਕਿ ਪਾਕਿਸਤਾਨ ਜਦੋਂ ਤੱਕ ਇਸ ਫੈਸਲੇ ਦੀ ਪ੍ਰਭਾਵੀ ਢੰਗ ਨਾਲ ਸਮੀਖਿਆ ਤੇ ਮੁੜ ਵਿਚਾਰ ਨਹੀਂ ਕਰਦਾ, ਉਦੋਂ ਤੱਕ ਕੁਲਭੂਸ਼ਣ ਜਾਧਵ ਦੀ ਫਾਂਸੀ ਉੱਤੇ ਰੋਕ ਰਹੇਗੀ। ਅਦਾਲਤ ਨੇ ਕਿਹਾ ਕਿ ਵਿਆਨਾ ਸੰਧੀ ਹੇਠ ਭਾਰਤ ਨੂੰ ਅਧਿਕਾਰ ਸੀ ਕਿ ਉਹ ਕੁਲਭੂਸ਼ਣ ਜਾਧਵ ਨੂੰ ਕੌਂਸਲਰ ਪਹੁੰਚ ਦੇਵੇ ਤੇ ਹਿਰਾਸਤ ਵਿੱਚ ਉਨ੍ਹਾਂ ਨਾਲ ਮੁਲਾਕਾਤ ਕਰ ਉਨ੍ਹਾਂ ਨੂੰ ਕਾਨੂੰਨੀ ਮਦਦ ਦੇਵੇ, ਪਰ ਪਾਕਿਸਤਾਨ ਨੇ ਇਸ ਅਧਿਕਾਰ ਤੋਂ ਭਾਰਤ ਨੂੰ ਵਾਂਝਾ ਰੱਖਿਆ ਹੈ। ਫੈਸਲੇ ਮੁਤਾਬਕ ਪਾਕਿਸਤਾਨ ਨੂੰ ਆਰਟੀਕਲ 36(1), ਯਾਨੀ ਕੌਂਸਲਰਅਕਸੈੱਸ ਦੇਣ ਬਾਰੇ ਉਲੰਘਣ ਵਾਲੇ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਲਈ ਕਿਹਾ ਗਿਆ ਹੈ। ਇਸ ਫੈਸਲੇ ਪਿੱਛੋਂ ਭਾਰਤ ਸਰਕਾਰ ਕੁਲਭੂਸ਼ਣ ਜਾਧਵ ਨੂੰ ਹਰ ਤਰ੍ਹਾਂ ਦੀ ਕਾਨੂੰਨੀ ਮਦਦ ਦੇ ਸਕੇਗੀ। ਸੰਸਾਰ ਅਦਾਲਤ ਨੇ ਕੁਲਭੂਸ਼ਣ ਦੀ ਰਿਹਾਈ ਦੀ ਮੰਗ ਰੱਦ ਕਰ ਦਿੱਤੀ ਹੈ।

ਸੰਸਾਰ ਅਦਾਲਤ ਦੇ 16ਵਿੱਚੋਂ 15 ਜੱਜਾਂ ਨੇ ਭਾਰਤ ਦੇ ਹੱਕ ਵਿੱਚ ਫੈਸਲਾ ਦੇਣ ਵੇਲੇਇਸ ਕੋਰਟ ਦੇ ਅਧਿਕਾਰਾਂਉੱਤੇ ਪਾਕਿਸਤਾਨ ਦਾ ਇਤਰਾਜ਼ ਰੱਦ ਕਰ ਦਿੱਤਾ।ਭਾਰਤ ਦੇ ਹੱਕ ਵਿੱਚ ਫੈਸਲਾ ਦੇਣ ਵਾਲੇ ਫੈਸਲਾ ਦੇਣ ਵਾਲੇ 16ਵਿੱਚੋਂ 15 ਜੱਜਾਂ ਵਿੱਚ ਇਕ ਜੱਜ ਚੀਨ ਦਾ ਸੀ, ਉਸ ਨੇ ਵੀ ਕੁਲਭੂਸ਼ਣ ਜਾਧਵ ਕੇਸ ਵਿੱਚ ਭਾਰਤ ਦੀ ਦਲੀਲ ਠੀਕ ਮੰਨੀ ਹੈ।

ਅੰਤਰਰਾਸ਼ਟਰੀ ਕੋਰਟ ਦੀ ਦੱਖਣ ਏਸ਼ੀਆ ਦੀ ਕਾਨੂੰਨੀ ਸਲਾਹਕਾਰ ਰੀਮਾ ਉਮਰ ਨੇ ਆਪਣੇ ਟਵੀਟ ਵਿੱਚ ਕਿਹਾ ਹੈ ਕਿ ਆਈ ਸੀ ਜੇ ਨੇ ਮੈਰਿਟ ਉੱਤੇ ਭਾਰਤ ਦੇ ਪੱਖ ਵਿੱਚ ਫੈਸਲਾ ਦਿੱਤਾ ਅਤੇ ਇਹ ਹੁਕਮ ਦਿੱਤਾ ਹੈ।

ਪਾਕਿਸਤਾਨ ਵੱਲੋਂ ਕੁਲਭੂਸ਼ਣ ਜਾਧਵ ਨੂੰ ਜਾਸੂਸ ਕਹਿਣ ਉੱਤੇ ਪਾਕਿਸਤਾਨ ਦੇ ਦੋਸ਼ ਨੂੰ ਬੇਬੁਨਿਆਦ ਦੱਸਦੇ ਹੋਏ ਭਾਰਤ ਨੇ ਕੌਮਾਂਤਰੀ ਅਦਾਲਤ ਵਿਚ ਕਿਹਾ ਕਿ ਜਾਧਵ ਦੀ ਗ੍ਰਿਫ਼ਤਾਰੀ ਦੇ ਬਹੁਤ ਸਮੇਂ ਤੱਕ ਇਸ ਦੀ ਸੂਚਨਾ ਨਹੀਂ ਦਿੱਤੀ ਗਈ ਤੇ ਪਾਕਿਸਤਾਨ ਨੇ ਸੰਬੰਧਤ ਵਿਅਕਤੀ ਨੂੰ ਉਸ ਦੇ ਅਧਿਕਾਰ ਵੀਨਹੀਂ ਦੱਸੇ। ਭਾਰਤ ਨੇ ਆਈਸੀਜੇ ਨੂੰ ਦਸਿਆ ਸੀ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਪਾਕਿਸਤਾਨ ਨੇ ਵਿਆਨਾ ਸਮਝੌਤੇ ਦਾ ਉਲੰਘਣ ਕੀਤੀ ਅਤੇ ਜਾਧਵ ਨਾਲ ਭਾਰਤ ਦੇ ਕਿਸੇ ਦੂਤ ਨੂੰ ਸੰਪਰਕ ਕਰਨ ਦੀ ਮਨਜ਼ੂਰੀ ਨਹੀਂਸੀ ਦਿੱਤੀ।

# ਬੇਅਦਬੀ ਮਾਮਲਾ : ਪੰਜਾਬ ਸਰਕਾਰ ਨੇ ਸੀ ਬੀ ਆਈ ਤੋਂ ਕਲੋਜ਼ਰ ਰਿਪੋਰਟ ਮੰਗ ਲਈ

ਚੰਡੀਗੜ੍ਹ, 17 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਵੇਲੇਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਦੀ ਸੀ ਬੀ ਆਈਵੱਲੋਂ ਮੋਹਾਲੀ ਦੀ ਸੀ ਬੀ ਆਈਕੋਰਟਨੂੰ ਸੌਂਪੀ ਕਲੋਜ਼ਰ ਰਿਪੋਰਟ ਤੋਂ ਪੰਜਾਬ ਦੀਕੈਪਟਨ ਅਮਰਿੰਦਰ ਸਿੰਘ ਸਰਕਾਰ ਨਾਰਾਜ਼ ਹੈ, ਕਿਉਂਕਿ ਅਕਾਲੀ-ਭਾਜਪਾ ਸਰਕਾਰ ਨੇ ਕੇਸ ਸੀ ਬੀ ਆਈ ਨੂੰ ਦਿੱਤਾ ਸੀ, ਇਸ ਲਈ ਉਨ੍ਹਾਂਨੂੰ ਦੱਸੇ ਬਿਨਾਂ ਕੇਸ ਦੀ ਕਲੋਜ਼ਰ ਰਿਪੋਰਟ ਦੇਣਾ ਗਲਤ ਫੈਸਲਾ ਕੀਤਾ ਗਿਆ ਜਾਪਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਆਪਣੇ ਗ੍ਰਹਿ ਵਿਭਾਗ ਦੇ ਰਾਹੀਂਸੀ ਬੀ ਆਈਤੋਂ ਕਲੋਜ਼ਰ ਰਿਪੋਰਟ ਦੀ ਕਾਪੀ ਮੰਗੀ ਹੈ। ਮੁੱਖ ਮੰਤਰੀ ਨੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਕੇਸ ਦੀ ਤਹਿ ਤਕ ਜਾਂਦੇ ਕਾਨੂੰਨੀ ਪੱਖ ਜਾਂਚਣ ਨੂੰ ਕਿਹਾ ਹੈ।ਸਰਕਾਰੀ ਸੂਤਰਾਂ ਮੁਤਾਬਕ ਸੀ ਬੀ ਆਈਦੀ ਕਲੋਜ਼ਰ ਰਿਪੋਰਟ ਦੀ ਕਾਪੀ ਮਿਲ ਜਾਣ ਪਿੱਛੋਂ ਪੰਜਾਬ ਸਰਕਾਰ ਉਸ ਕੇਸਦੀ ਗੰਭੀਰਤਾ ਨਾਲ ਮੁੜ ਜਾਂਚ ਕਰਨ ਲਈ ਕਹਿ ਸਕਦੀ ਹੈ।

ਵਰਨਣ ਯੋਗ ਹੈ ਕਿ ਬੇਅਦਬੀ ਦੇ ਕੇਸ ਵਿੱਚ ਮੁੱਖ ਦੋਸ਼ੀ ਮਹਿੰਦਰਪਾਲ ਬਿੱਟੂ ਦੇ ਕਤਲ ਤੋਂ ਬਾਅਦ ਸੀ ਬੀ ਆਈ ਨੇ ਇਸ ਜਾਂਚ ਰੋਕ ਦਿੱਤੀ ਹੈ। ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਕਲੋਜ਼ਰ ਰਿਪੋਰਟਦੇ ਖਿਲਾਫ ਅਦਾਲਤ ਵਿੱਚ ਜਾਣਦਾ ਬਿਆਨ ਦਿੱਤਾ ਤਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਮਗਰਮੱਛ ਦੇ ਅੱਥਰੂ ਨਾ ਵਹਾਉਣ ਨੂੰ ਕਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਕਿ ਉਹ ਇਸ ਮੁੱਦੇ ਉੱਤੇ ਚਿੰਤਾ ਦਾ ਵਿਖਾਵਾ ਕਰ ਕੇ ਲੋਕਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਉਨ੍ਹਾਂ ਘਟਨਾਵਾਂ ਵੇਲੇ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸਨ, ਉਨ੍ਹਾਂ ਨੇ ਹੀਕੇਸ ਦੀ ਜਾਂਚ ਪੰਜਾਬ ਪੁਲਿਸ ਦੀ ਥਾਂ ਬਰਗਾੜੀ ਕਾਂਡ ਵਾਲੇ ਤਿੰਨ ਕੇਸਸੀ ਬੀ ਆਈ ਨੂੰ ਭੇਜੇ ਸਨ। ਉਨ੍ਹਾਂ ਕਿਹਾ ਕਿ ਜਦੋਂਸੀ ਬੀ ਆਈ ਨੇ ਕੇਸ ਬੰਦ ਕਰਨ ਦੀ ਰਿਪੋਰਟ ਪੇਸ਼ ਕਰ ਦਿੱਤੀ ਹੈ ਤਾਂ ਸੁਖਬੀਰ ਸਿੰਘ ਬਾਦਲ ਬੁਖਲਾ ਗਏ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਪੁੱਛਿਆ ਕਿ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇ ਫ਼ੈਸਲੇ ਨੂੰ ਅਕਾਲੀ ਦਲ ਅਦਾਲਤਦੇ ਸਾਹਮਣੇ ਕਿਵੇਂ ਰੱਖੇਗਾ? ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇਣਾ ਚਾਹੁੰਦੇ ਹਨ ਤਾਂ ਕੇਂਦਰਦੀ ਐੱਨ ਡੀਏ ਦੀ ਸਰਕਾਰ ਵਿੱਚ ਅਕਾਲੀ ਦਲ ਸ਼ਾਮਲ ਹੈ, ਓਥੇ ਗੱਲ ਕਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਪਿੱਛੋਂਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰਦੇ ਲੋਕਾਂ ਉੱਤੇ ਪੁਲਿਸ ਵੱਲੋਂ ਗੋਲ਼ੀ ਚਲਾਉਣ ਦੀਆਂ ਘਟਨਾਵਾਂਦੇ ਦੋਸ਼ੀਆਂ ਉੱਤੇ ਕਾਨੂੰਨੀ ਕਾਰਵਾਈ ਕਰਨ ਦੇ ਵਾਅਦੇ ਨੂੰ ਦੁਹਰਾਉਂਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਘਟਨਾ ਦੇ ਪਿੱਛੇ ਦੀ ਸਾਜ਼ਿਸ਼ ਦਾ ਪਰਦਾਫ਼ਾਸ਼ ਕਰੇਗੀ।

ਇਸ ਦੌਰਾਨ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੇ ਇੱਕ ਮਤਾ ਪਾਸ ਕਰ ਕੇ ਬਰਗਾੜੀ ਕਾਂਡ ਬਾਰੇ ਸੀ ਬੀ ਆਈ ਵੱਲੋਂ ਅਦਾਲਤ ਵਿੱਚ ਦਿੱਤੀ ਕਲੋਜ਼ਰ ਰਿਪੋਰਟ ਨੂੰ ਰੱਦ ਕਰ ਦਿੱਤਾ ਹੈ।

# ਸੁਪਰੀਮ ਕੋਰਟ ਦਾ ਅਹਿਮ ਫੈਸਲਾ: ਬਾਗ਼ੀ ਵਿਧਾਇਕਾਂ ਨੂੰ ਸੈਸ਼ਨ ਵਿਚ ਜਾਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ

ਨਵੀਂ ਦਿੱਲੀ, 17 ਜੁਲਾਈ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਰਨਾਟਕ ਵਿਚ ਕਾਂਗਰਸ ਅਤੇ ਜਨਤਾ ਦਲ ਐੱਸ ਦੇ 15 ਬਾਗੀ ਵਿਧਾਇਕਾਂ ਨੂੰ ਵਿਧਾਨ ਸਭਾ ਸੈਸ਼ਨ ਦੀ ਕਾਰਵਾਈ ਵਿਚ ਹਿੱਸਾ ਲੈਣ ਲਈ ਪਾਬੰਦ ਨਹੀਂ ਕੀਤਾ ਜਾ ਸਕਦਾ ਤੇ ਉਨ੍ਹਾਂ ਨੂੰ ਇਸ ਵਿਚ ਸ਼ਾਮਲ ਹੋਣ ਜਾਂ ਲਾਂਭੇ ਰਹਿਣ ਦੀ ਮਰਜ਼ੀ ਦਾ ਹੱਕ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਕਰਨਾਟਕ ਦੀ 14 ਮਹੀਨੇ ਪੁਰਾਣੀ ਕਾਂਗਰਸ-ਜਨਤਾ ਦਲ ਐੱਸ ਦੀ ਸਾਂਝੀ ਸਰਕਾਰ ਉੱਤੇਭਰੋਸੇ ਦਾ ਵੋਟ ਲੈਣ ਤੋਂ ਇਕ ਦਿਨ ਪਹਿਲਾਂ ਸੰਕਟ ਦੇ ਬੱਦਲ ਗਹਿਰੇ ਹੋ ਗਏ ਹਨ। ਚੀਫ ਜਸਟਿਸ ਵੱਲੋਂ ਸੁਣਾਏ ਗਏ ਇਸ ਹੁਕਮ ਨਾਲ ਇਕ ਪਾਸੇ ਜਿਥੇ ਕਰਨ-ਾਟਕ ਵਿਧਾਨ ਸਭਾ ਵਿਚ ਗਿਣਤੀ ਦੀ ਲੜਾਈ ਵਿਚ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਲਈ ਸੰਕਟ ਵਧ ਗਿਆ ਹੈ, ਉਥੇ ਬੈਂਚ ਨੇ ਵਿਧਾਨ ਸਭਾ ਸਪੀਕਰ ਨੂੰ ਵੀ ਖੁੱਲ੍ਹ ਦੇ ਦਿਤੀ ਹੈ ਕਿ ਉਹ ਸਮਾਂ-ਸੀਮਾ ਵਿੱਚ ਰਹਿ ਕੇ 15 ਵਿਧਾਇਕਾਂ ਦੇ ਅਸਤੀਫੇ ਬਾਰੇ ਫ਼ੈਸਲਾ ਕਰਨਨੂੰ ਆਜ਼ਾਦ ਹਨ, ਜਿਹੜਾ ਵੀ ਉਹ ਠੀਕ ਮੰਨਦੇ ਹਨ। ਚੀਫ ਜਸਟਿਸ ਰੰਜਨ ਗੋਗਈ, ਜਸਟਿਸਦੀਪਕ ਗੁਪਤਾ ਤੇ ਜਸਟਿਸਅਨਿਰੁਧ ਬੋਸ ਦੇ ਬੈਂਚ ਨੇ ਕਿਹਾ ਕਿ ਵਿਧਾਨ ਸਭਾ ਸਪੀਕਰ ਕੇ ਆਰ ਰਮੇਸ਼ ਕੁਮਾਰ ਇਨ੍ਹਾਂ 15 ਵਿਧਾਇਕਾਂ ਦੇ ਅਸਤੀਫ਼ਿਆਂਦਾ ਸਮਾਂ ਸੀਮਾ ਅੰਦਰ ਫ਼ੈਸਲਾ ਲੈਣ, ਜੋ ਵੀ ਉਹ ਠੀਕ ਮੰਨਦੇ ਹਨ। ਬੈਂਚ ਨੇ ਕਿਹਾ ਕਿ 15 ਵਿਧਾਇਕਾਂ ਦੇ ਅਸਤੀਫ਼ਿਆਂ ਦਾ ਫ਼ੈਸਲਾ ਕਰਨ ਦੇ ਸਪੀਕਰ ਦੇ ਵਿਸ਼ੇਸ਼ ਅਧਿਕਾਰ ਬਾਰੇ ਅਦਾਲਤ ਦੇ ਹੁਕਮ ਜਾਂ ਟਿਪਣੀਆਂ ਦੀ ਰੋਕਨਹੀਂ ਹੋਣੀ ਚਾਹੀਦੀ ਤੇ ਉਹ ਇਸ ਬਾਰੇ ਫ਼ੈਸਲਾ ਕਰਨ ਲਈ ਆਜ਼ਾਦ ਹੋਣੇ ਚਾਹੀਦੇ ਹਨ। ਨਾਲ ਅਦਾਲਤ ਨੇ ਕਿਹਾ ਕਿ ਵਿਧਾਨ ਸਭਾ ਸਪੀਕਰ ਦਾ ਫ਼ੈਸਲਾ ਉਸ ਦੇ ਕੋਲ ਪੇਸ਼ ਕੀਤਾ ਜਾਵੇ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਕੇਸ ਵਿਚ ਚੁੱਕੇ ਗਏ ਬਾਕੀ ਮੁੱਦਿਆਂ ਬਾਰੇ ਬਾਅਦ ਵਿਚ ਫ਼ੈਸਲਾ ਹੋਵੇਗਾ।

ਅੱਜ ਅਦਾਲਤ ਨੇ ਤਿੰਨ ਪੰਨਿਆਂ ਦੇ ਹੁਕਮ ਵਿਚ ਬਾਗ਼ੀ ਵਿਧਾਇਕਾਂ ਦੀ ਪਟੀਸ਼ਨਬਾਰੇ ਕਿਹਾ ਕਿ ਇਸ ਸਮੇਂ ਲੋੜ ਸਾਡੇ ਸਾਹਮਣੇ ਹੋਏ ਆਪੋ ਵਿੱਚ ਵਿਰੋਧੀ ਅਧਿਕਾਰਾਂ ਦੇ ਕੇਸ ਵਿਚ ਸੰਵਿਧਾਨਕ ਸੰਤੁਲਨ ਬਣਾਉਣ ਦੀ ਹੈ। ਬੈਂਚ ਨੇ ਕਿਹਾ ਕਿ ਮੌਜੂਦਾ ਰਾਜ ਸਰਕਾਰ ਵਿਰੁਧ ਬੇਭਰੋਸਗੀ ਮਤਾ, ਜਿਵੇਂ ਸਾਨੂੰ ਦਸਿਆ ਗਿਆ ਹੈ, 18 ਜੁਲਾਈ ਨੂੰ ਲਿਆਂਦਾ ਜਾਵੇਗਾ, ਇਸ ਸਮਾਂਬੱਧ ਕਾਰਵਾਈ ਨੂੰ ਧਿਆਨ ਵਿਚ ਰੱਖ ਕੇ ਇਹ ਅੰਤ੍ਰਿਮ ਹੁਕਮ ਜ਼ਰੂਰੀ ਹੋ ਗਿਆ ਹੈ। ਅਦਾਲਤ ਨੇ 10 ਬਾਗ਼ੀ ਵਿਧਾਇਕਾਂ ਦੀ ਪਟੀਸ਼ਨ ਵਿਚ ਪੰਜ ਹੋਰ ਬਾਗ਼ੀ ਵਿਧਾਇਕਾਂ ਨੂੰ ਧਿਰ ਬਣਾਉਣ ਦੀ ਆਗਿਆ ਵੀ ਦੇ ਦਿਤੀ। ਸੁਪਰੀਮ ਕੋਰਟ ਦੇ ਤਾਜ਼ਾ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਾਂਗਰਸ ਤੇ ਜਨਤਾ ਦਲ ਐੱਸ ਦੇ ਬਾਗ਼ੀ ਵਿਧਾਇਕਾਂ ਨੇ ਕਿਹਾ ਕਿ ਵਿਧਾਨ ਸਭਾ ਤੋਂ ਅਪਣੇ ਅਸਤੀਫੇਤੋਂ ਪਿੱਛੇ ਹਟਣ ਦਾ ਸਵਾਲ ਹੀ ਨਹੀਂਅਤੇ ਨਾ ਉਹ ਵਿਧਾਨ ਸਭਾ ਦੇ ਸੈਸ਼ਨ ਵਿੱਚ ਜਾਣਗੇ। ਬਾਗ਼ੀ ਵਿਧਾਇਕ ਮੁੰਬਈ ਵਿਚ ਰੁਕੇ ਹੋਏ ਹਨ। ਕਰਨ-ਾਟਕ ਵਿਧਾਨ ਸਭਾ ਵਿਚ ਸਰਕਾਰ ਵੱਲੋਂ ਭਰੋਸੇ ਦਾ ਵੋਟ ਹਾਸਲ ਕਰਨ ਦੇ ਇਕ ਦਿਨ ਪਹਿਲਾਂ ਬਾਗ਼ੀ ਕਾਂਗਰਸ ਵਿਧਾਇਕ ਬੀ ਸੀ ਪਾਟਿਲ ਨੇ ਕਿਹਾ, 'ਅਦਾਲਤ ਦੇ ਫ਼ੈਸਲੇ ਤੋਂ ਅਸੀਂ ਖ਼ੁਸ਼ ਹਾਂ ਅਤੇ ਇਸ ਦਾ ਸਵਾਗਤ ਕਰਦੇ ਹਾਂ।' ਅਸਤੀਫ਼ਾ ਦੇਣ ਵਾਲੇ 11 ਹੋਰ ਵਿਧਾਇਕਾਂ ਨੇ ਵੀਡੀਉ ਸੰਦੇਸ਼ ਵਿਚ ਕਿਹਾ, ਅਸੀਂ ਸਾਰੇ ਇਕਜੁਟ ਹਾਂ ਤੇ ਜੋ ਵੀ ਫ਼ੈਸਲਾ ਕੀਤਾ ਹੈ, ਕਿਸੇ ਵੀ ਕੀਮਤ ਉੱਤੇ ਉਸ ਤੋਂ ਪਿੱਛੇ ਨਹੀਂ ਹਟਾਂਗੇ। ਅਸੀਂ ਅਪਣੇ ਫ਼ੈਸਲੇ ਉੱਤੇਕਾਇਮ ਹਾਂ। ਵਿਧਾਨ ਸਭਾ ਦੀ ਕਾਰਵਾਈ ਵਿਚ ਹਿੱਸਾ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।'

## ਐੱਨ ਆਈ ਏ ਸੋਧ ਬਿਲ ਰਾਜ ਸਭਾ ਵਿੱਚੋਂ ਵੀ ਪਾਸ, ਏਜੰਸੀ ਨੂੰ ਨਵੇਂ ਅਧਿਕਾਰ ਮਿਲਣ ਲੱਗੇ

ਨਵੀਂ ਦਿੱਲੀ, 17 ਜੁਲਾਈ, (ਪੋਸਟ ਬਿਊਰੋ)- ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ ਸੋਧ ਬਿੱਲ ਅੱਜ ਬੁੱਧਵਾਰ ਰਾਜ ਸਭਾ ਵਿੱਚ ਵੀ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ ਹੈ। ਇਸ ਦੇ ਪਾਸ ਹੋ ਜਾਣ ਨਾਲ ਇਸ ਰਾਸ਼ਟਰੀ ਸੁਰੱਖਿਆ ਏਜੰਸੀ ਦੀ ਤਾਕਤ ਹੋਰ ਵੀ ਵਧ ਜਾਵੇਗੀ ਅਤੇ ਇਹ ਵਿਦੇਸ਼ਾਂ ਤੱਕ ਜਾ ਕੇ ਜਾਂਚ ਕਰ ਸਕੇਗੀ। ਪਾਰਲੀਮੈਂਟ ਦੇ ਦੋਵਾਂ ਹਾਊਸਾਂ ਵਿੱਚ ਪਾਸ ਕੀਤੇ ਗਏ ਇਸ ਬਿਲਨਾਲਸੋਧ ਦਾ ਮਤਲਬ ਹੈ ਕਿ ਭਾਰਤ ਦੇ ਬਾਹਰ ਭਾਰਤੀ ਨਾਗਰਿਕਾਂ ਦੇ ਵਿਰੁੱਧ ਜਾਂ ਭਾਰਤ ਦੇਸ਼ ਦੇ ਹਿੱਤਾਂ ਨੂੰ ਪ੍ਰਭਾਵਿਤ ਕਰਨ ਵਾਲਾ ਕੋਈ ਜੁਰਮ ਹੁੰਦਾ ਹੈ ਤਾਂ ਐੱਨ ਆਈ ਏ ਨੂੰ ਉਨ੍ਹਾਂ ਦੇ ਵਿਰੁੱਧ ਓਥੇ ਜਾ ਕੇ ਜਾਂਚ ਕਰਨ ਦਾ ਅਧਿਕਾਰ ਹੋਵੇਗਾ ਤੇ ਭਾਰਤ ਤੋਂ ਬਾਹਰ ਕੀਤੇ ਕਿਸੇ ਜੁਰਮ ਦੇ ਸੰਬੰਧ ਵਿਚ ਕੇਸ ਦਰਜ ਕਰਨ ਅਤੇ ਜਾਂਚ ਕਰਨ ਦਾ ਅਧਿਕਾਰ ਹੋਵੇਗਾ। ਇਸ ਵਿੱਚ ਕੀਤੇ ਗਏ ਨਵੇਂ ਅਪਰਾਧਾਂ ਨੂੰ ਇਸ ਦੇ ਘੇਰੇ ਵਿਚ ਲਿਆਉਣ ਦਾ ਵੀ ਪ੍ਰਬੰਧ ਹੈ। ਕਿਸੇ ਕੇਸ ਦੀ ਜਾਂਚ ਵਿਚ ਦੇਰ ਨਾ ਹੋਵੇ, ਇਸਦੇ ਲਈ ਐੱਨ ਆਈ ਏ ਕੋਰਟ ਲਈ ਹਾਈ ਕੋਰਟ ਦੇ ਵਿਸ਼ੇਸ਼ ਜੱਜਾਂ ਦੀ ਨਿਯੁਕਤੀ ਦੀ ਵਿਵਸਥਾ ਰੱਖੀ ਗਈ ਹੈ। ਜਾਂਚ ਵਿਚ ਵਿਸਫੋਟਕਾਂ ਨੂੰ ਜ਼ਬਤ ਕਰਨ ਬਾਰੇ ਅਧਿਕਾਰ ਵੀ ਇਸ ਏਜੰਸੀ ਨੂੰ ਦਿੱਤੇ ਜਾਣੇ ਹਨਤੇ ਆਰਮਜ਼ ਐਕਟ ਨਾਲ ਜੁੜੇ ਅਧਿਕਾਰ ਵੀ ਇਸ ਨੂੰ ਮਿਲਣ ਜਾਣਗੇ।

# ਭਾਰਤ ਵੱਲੋਂ ਇਜ਼ਰਾਈਲ ਨਾਲ ਮੱਧਮ ਦੂਰੀ ਦੀ ਮਿਜ਼ਾਈਲ ਖ਼ਰੀਦ ਦਾ ਸੌਦਾ

ਯੇਰੂਸ਼ਲਮ, 17 ਜੁਲਾਈ, (ਪੋਸਟ ਬਿਊਰੋ)- ਭਾਰਤ ਨੇ ਇਜ਼ਰਾਈਲ ਦੀ ਸਰਕਾਰੀ ਕੰਪਨੀ ਇਜ਼ਰਾਈਲ ਏਅਰੋਸਪੇਸ ਇੰਡਸਟਰੀਜ਼ (ਆਈਏਆਈ) ਨਾਲ ਮੱਧਮ ਦੂਰੀ ਦੀ ਜ਼ਮੀਨਤੋਂ ਆਕਾਸ਼ ਵਿਚ ਮਾਰ ਕਰਨ ਵਾਲੀ ਐੱਮ ਆਰ ਐੱਸਏ ਐੱਮ ਮਿਜ਼ਾਈਲ ਦੀ ਖ਼ਰੀਦ ਦਾ ਸੌਦਾ ਕੀਤਾ ਹੈ। ਪੰਜ ਕਰੋੜ ਡਾਲਰ ਦੇ ਇਸ ਸੌਦੇ ਨਾਲ ਆਈਏਆਈ ਭਾਰਤ ਨੂੰ ਸੀਮਤ ਮਾਤਰਾ ਵਾਲਾ ਏਅਰ ਡਿਫੈਂਸ ਸਿਸਟਮ ਵੀ ਦੇਵੇਗਾ।

ਸਰਕਾਰੀ ਸੂਤਰਾਂ ਮੁਤਾਬਕ ਇਜ਼ਰਾਈਲ ਤੋਂ ਖ਼ਰੀਦੀਆਂ ਜਾ ਰਹੀਆਂ ਮਿਜ਼ਾਈਲਾਂ ਭਾਰਤੀ ਸਮੁੰਦਰੀ ਫੌਜ ਦੇ ਵੱਖ-ਵੱਖ ਜੰਗੀ ਬੇੜਿਆਂ ਵਿਚ ਲਾਈਆਂ ਜਾਣਗੀਆਂ, ਜਿਨ੍ਹਾਂ ਨੂੰ ਬਣਾਉਣ ਵਾਸਤੇ ਮੁੰਬਈ ਦੇ ਮਝਗਾਉਂ ਡਾਕਯਾਰਡ ਵਿਚ ਕੰਮ ਹੋ ਰਿਹਾ ਹੈ। ਆਈਏਆਈ ਦੇ ਕਾਰਜਕਾਰੀ ਉਪ ਪ੍ਰਧਾਨ ਬੋਏਜ ਲੇਵੀ ਨੇ ਇਸ ਸੌਦੇ ਨੂੰ ਕੰਪਨੀ ਲਈ ਵੱਡੀ ਸਫਲਤਾ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਾਨੂੰ ਡਿਫੈਂਸ ਸਿਸਟਮ ਤਿਆਰ ਕਰਨ ਤੇ ਸਪਲਾਈ ਕਰਨ ਦਾ ਮੌਕਾ ਮਿਲਿਆ ਹੈ। ਅਸੀਂ ਇਸ ਬਾਰੇ ਖਪਤਕਾਰ (ਭਾਰਤ) ਦੀ ਪ੍ਰਤੀਕਿਰਿਆ ਦੀ ਉਡੀਕ ਕਰਾਂਗੇ।

ਵਰਨਣ ਯੋਗ ਹੈ ਕਿ ਭਾਰਤ ਨਾਲ ਆਈਏਆਈ ਦਾ ਮਜ਼ਬੂਤ ਰਿਸ਼ਤਾ ਹੈ। ਪਿੱਛੇ ਜਿਹੇ ਇਸ ਕੰਪਨੀ ਨੇ ਭਾਰਤ ਨਾਲ ਮਿਲ ਕੇ ਏਅਰ ਡਿਫੈਂਸ ਸਿਸਟਮ ਦੀ ਪਰਖ ਕੀਤੀ ਹੈ। ਇਸ ਸਿਸਟਮ ਨੇ ਸਫਲਤਾ ਦੇ ਜਿਹੜੇ ਨਤੀਜੇ ਦਿੱਤੇ, ਉਸ ਤੋਂ ਭਾਰਤੀ ਅਧਿਕਾਰੀ ਸੰਤੁਸ਼ਟ ਹਨ।ਰੱਖਿਆ ਖੇਤਰ ਵਿਚ ਭਾਰਤ ਤੇ ਇਜ਼ਰਾਈਲ ਦੇ ਰਿਸ਼ਤੇ ਪਿਛਲੇ ਸਾਲਾਂ ਵਿਚ ਤੇਜ਼ੀ ਨਾਲ ਅੱਗੇ ਵਧੇ ਹਨ। ਇਜ਼ਰਾਈਲ ਦੇ ਹਥਿਆਰਾਂ ਤੇ ਫੌਜੀਸਾਮਾਨ ਦਾ ਭਾਰਤ ਦੁਨੀਆ ਵਿਚ ਸਭ ਤੋਂ ਵੱਡਾ ਗ੍ਰਾਹਕ ਹੈ। ਤਕਨੀਕ ਦੇ ਪੱਖ ਤੋਂ ਇਜ਼ਰਾਈਲ ਤੋਂ ਭਾਰਤ ਨੇ ਕਈ ਤਰ੍ਹਾਂ ਦੇ ਹਥਿਆਰ, ਮਿਜ਼ਾਈਲ ਅਤੇ ਮਨੁੱਖ ਰਹਿਤ ਛੋਟੇ ਜਹਾਜ਼ ਖ਼ਰੀਦੇ ਹਨ, ਪਰ ਬਹੁਤ ਸਾਰੇ ਹਥਿਆਰ ਅਤੇ ਜੰਤਰ ਅਜਿਹੇ ਹਨ, ਜਿਨ੍ਹਾਂ ਦੇ ਸੌਦੇ ਦੋਵੇਂ ਦੇਸ਼ਾਂ ਨੇ ਖ਼ੁਫ਼ੀਆ ਰੱਖੇ ਹਨ।

## ਸ਼ੋਕ ਸਮਾਚਾਰ

### ਸ੍ਰੀ ਸੁਰਜੀਤ ਸਿੰਘ ਸੰਧੂ ਸਵਰਗਵਾਸ




ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸੁਰਜੀਤ ਸਿੰਘ ਸੰਧੂ ਸਾਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਮਿਤੀ 20 ਜੁਲਾਈ ਦਿਨ ਸਨੀਵਾਰ ਨੂੰ ਦੁਪਹਿਰ 12 ਵਜੇ ਤੋ 2 ਵਜੇ ਤੱਕ Lostus Funeral and Cremation Centre , 121 city view drive, Rexdale (Toronto), Ontario, M9W5A8 ਵਿਖੇ ਕੀਤਾ ਜਾ ਰਿਹਾ ਹੈ। ਸੰਪਰਕ: 647 547 8188









# ‘ਵਿਭਿੰਨਤਾ ਵਿਚ ਏਕਤਾ’ ਦੇ ਨਾਅਰੇ ਨੂੰ ਬੁਲੰਦ ਕਰਦਾ ਹੈ ਕੈਰਾਬਰੈਮ : ਸੋਨੀਆ ਸਿੱਧੂ




ਬਰੈਂਪਟਨ -ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਬੀਤੇ ਦਿਨੀਂ 12-14 ਜੁਲਾਈ ਨੂੰ ਹੋਏ ਕੈਰਾਬਰੈਮ-2019 ਦੇ ਪਹਿਲੇ ਦਿਨ ਉਦਘਾਟਨੀ ਸਮਾਰੋਹ ਵਿਚ ਆਪਣੀ ਸ਼ਮੂਲੀਅਤ ਕੀਤੀ। ਇਸ ਤਿੰਨ-ਦਿਨਾਂ ਕੈਰਾਬਰੈਮ ਮੇਲੇ ਵਿਚ ਜੀ.ਟੀ.ਏ ਵਿਚ ਰਹਿੰਦੇ ਵੱਖ-ਵੱਖ ਸੱਭਿਆਚਾਰਕ ਗਰੁੱਪਾਂ ਵੱਲੋਂ ਵੱਖੋ-ਵੱਖਰੀਆਂ ਪਾਵਿਲੀਅਨਾਂ ਵਿਚ ਆਪੋ-ਆਪਣੇ ਸੱਭਿਆਚਾਰ ਨੂੰ ਦਰਸਾਉਂਦੀਆਂ ਕਲਾ-ਕਿਰਤਾਂ, ਖਾਣੇ, ਗੀਤ-ਸੰਗੀਤ, ਨਾਚ, ਆਦਿ ਨੂੰ ਬਾਖ਼ੂਬੀ ਦਰਸਾਇਆ ਗਿਆ। ਇਹ ਕੈਰਾਬਰੈਮ ਮੇਲਾ ਪਿਛਲੇ 36 ਸਾਲਾਂ ਤੋਂ ਹਰ ਸਾਲ ਲਗਾਤਾਰ ਲਗਾਇਆ ਜਾ ਰਿਹਾ ਹੈ ਅਤੇ ਇਸ ਦਾ ਮੁੱਖ ਉਦੇਸ਼ ਬਰੈਂਪਟਨ ਵਿਚ ਵੱਸ ਰਹੀਆਂ ਵੱਖ-ਵੱਖ ਕਮਿਊਨਿਟੀਆਂ ਵੱਲੋਂ ਆਪੋ-ਆਪਣੇ ਸੱਭਿਆਚਾਰ ਨੂੰ ਪ੍ਰਦਰਸ਼ਿਤ ਕਰਨਾ ਹੁੰਦਾ ਹੈ।

ਐੱਮ.ਪੀ ਸੋਨੀਆ ਸਿੱਧੂ ਇਸ ਮੇਲੇ ਦੇ ਪਹਿਲੇ ਦਿਨ ਦੇ ਉਦਘਾਟਨੀ-ਸਮਾਰੋਹ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਇਸ ਦੇ ਵੱਖ-ਵੱਖ ਪਾਵਿਲੀਅਨਾਂ ਵਿਚ ਜਾ ਕੇ ਮੇਲੇ ਵਿਚ ਆਏ ਲੋਕਾਂ ਨਾਲ ਗੱਲਾਂ-ਬਾਤਾਂ ਕੀਤੀਆਂ। ਉਨ੍ਹਾਂ ਮੇਲੇ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਵੱਲੋਂ ਕਮਿਊਨਿਟੀ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਹਰ ਸਾਲ ਮਨਾਇਆ ਜਾਣ ਵਾਲਾ ਇਹ ਕੈਰਾਬਰੈਮ ਮੇਲਾ ਬਰੈਂਪਟਨ ਵਿਚ ਵੱਸਦੇ ਵੱਖ-ਵੱਖ ਸੱਭਿਆਚਾਰਾਂ ਵਾਲੇ ਲੋਕਾਂ ਦੀ ਏਕਤਾ ਨੂੰ ਦਰਸਾਉਂਦਾ ਹੈ ਅਤੇ ਕੈਨੇਡਾ ਦੇ ਵਿਭਿੰਨਤਾ ਵਿਚ ਏਕਤਾ ਦੇ ਨਾਅਰੇ ਨੂੰ ਬੁਲੰਦ ਕਰਦਾ ਹੈ। ਇਸ ਦਾ ਉਦੇਸ਼ ਬਰੈਂਪਟਨ-ਵਾਸੀਆਂ ਵਿਚਲੀ ਏਕਤਾ ਅਤੇ ਨੇੜਤਾ ਨੂੰ ਹੋਰ ਮਜ਼ਬੂਤ ਕਰਨਾ ਹੈ। ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਇਸ ਮੇਲੇ ਦੇ ਵੱਡੇ ਸਮਰਥਕ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅੱਗੋਂ ਲਈ ਵੀ ਇਸ ਦੇ ਇੰਝ ਹੀ ਸਮਰਥਕ ਬਣੇ ਰਹਿਣਗੇ।

ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਕਿਹਾ,"ਸਭਿੱਆਚਾਰਾਂ ਅਤੇ ਉੱਪ-ਸਭਿੱਆਚਾਰਾਂ ਵਿਚਕਾਰ ਭਾਈਚਾਰਕ ਅਤੇ ਸ਼ਾਂਤੀਪੂਰਵਕ ਸਬੰਧ ਕੈਰਾਬਰੈਮ ਵਰਗੇ ਵਿੱਦਿਅਕ ਅਤੇ ਸੱਭਿਆਚਾਰਕ ਕਮਿਊਨਿਟੀ ਸਮਾਰੋਹਾਂ ਨਾਲ ਹੀ ਅੱਗੇ ਵੱਧਦੇ ਹਨ। ਬਰੈਂਪਟਨ-ਵਾਸੀਆਂ ਦੇ ਵੱਡੀ ਗਿਣਤੀ ਵਿਚ ਇਸ ਮੇਲੇ ਵਿਚ ਆਉਣ ’ਤੇ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਲੋਕ ਇੱਥੇ ਆ ਕੇ ਇਕ ਦੂਸਰੇ ਦੀ ਜੀਵਨ-ਜਾਚ ਬਾਰੇ ਬੜਾ ਕੁਝ ਸਿੱਖਦੇ ਹਨ। ਕੈਰਾਬਰੈਮ ਦਾ ਸਲਾਨਾ ਈਵੈਂਟ ਇਸ ਗੱਲ ਨੂੰ ਭਲੀ-ਭਾਂਤ ਦਰਸਾਉਂਦਾ ਹੈ ਕਿ ਇੱਥੋਂ ਦੇ ਅਗਾਂਹ-ਵਧੂ ਲੋਕ ਸੱਭਿਆਚਾਰਕ-ਵਿਭਿੰਨਤਾ ਪ੍ਰਤੀ ਜਾਗਰੂਕ ਹਨ ਅਤੇ ਉਹ ਇਸ ਨੂੰ ਬਾਰੀਕੀ ਨਾਲ ਸਮਝ ਕੇ ਪ੍ਰਾਥਮਿਕਤਾ ਦਿੰਦੇ ਹਨ। ਆਪਣੇ ਗਵਾਂਢੀ ਨਾਲ ਪਿਆਰ ਕਰਨ ਦਾ ਭਾਵ ਉਸ ਨੂੰ ਸਮਝਣ ਅਤੇ ਉਸ ਦੇ ਨਾਲ ਗੱਲਾਂ-ਬਾਤਾਂ ਸਾਂਝੀਆਂ ਕਰਨ ਲਈ ਸਮਾਂ ਕੱਢਣਾ ਹੈ। ਇਸ ਮੇਲੇ ਵਿਚ ਹਰ ਕੋਈ ਦੂਸਰਿਆਂ ਨੂੰ ਸਮਝਣ ਅਤੇ ਉਨ੍ਹਾਂ ਨਾਲ ਮਿਲ ਕੇ ਗੱਲ ਬਾਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਇਹੀ ਇਸ ਮੇਲੇ ਦੀ ਮੁੱਖ ਪ੍ਰਾਪਤੀ ਹੈ।"

# ਪੈਨਾਹਿਲ ਸੀਨੀਅਰਜ਼ ਕਲੱਬ ਨੇ ਸੈਂਟਰ ਆਈਲੈਂਡ ਦਾ ਟੂਰ ਲਾਇਆ



ਬਰੈਂਪਟਨ/ਬਾਸੀ ਹਰਚੰਦ ) ਪਿਛਲੇ ਦਿਨੀ ਪੈਨਾਹਿਲ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਸੈਂਟਰ ਆਈਲੈਂਡ ਦਾ ਟੂਰ ਲਾਇਆ। ਇਸ ਦਿਨ ਤੇ ਹਰੇ ਰਾਮਾ ਹਰੇ ਕ੍ਰਿਸ਼ਨਾ ਸੰਸਥਾ ਵੱਲੋਂ ਸੈਂਟਰ ਆਈਲੈਂਡ ਵਿਖੇ ਬਹੁਤ ਹੀ ਸੰਗੀਤਕ ਦਿਲਕਸ਼ ਪ੍ਰੋਗਰਾਮ ਕੀਤਾ ਜਾਂਦਾ ਹੈ ਜਿਸ ਵਿੱਚ ਭਜਨ ਮੰਡਲੀਆਂ ਵੱਖ ਵੱਖ ਤਰਾਂ ਦੇ ਪ੍ਰੋਗਰਾਮ ਕਰਦੀਆਂ ਹਨ। ਧਾਰਮਿਕ ਪੁਸਤਕਾਂ ਦੇ ਸਟਾਲ ਅਤੇ ਹੋਰ ਕਈ ਤਰਾਂ ਦੇ ਸਟਾਲ ਲੱਗਦੇ ਹਨ ਜਿਥੋਂ ਲੋਕ ਮਨ ਮਰਜ਼ੀ ਦੀਆਂ ਵਸਤਾਂ ਖਰੀਦ ਕਰਦੇ ਹਨ। ਸੰਸਥਾਂ ਵੱਲੋਂ ਸੱਭ ਦੇ ਲਈ ਮੁਫਤ ਭਾਂਤ ਭਾਂਤ ਦਾ ਲੰਗਰ ਵਰਤਾਇਆ ਜਾਂਦਾ ਹੈ। ਇਸ ਪ੍ਰੋਗਰਾਮ ਦਾ ਲੋਕ ਅਨੰਦ ਮਾਣਦੇ ਹਨ। ਪੈਨਾਹਿਲ ਸੀਨੀਅਰਜ਼ ਕਲੱਬ ਦੇ ਆਦਮੀ ਅਤੇ ਬੀਬੀਆਂ ਸਵੇਰੇ 9-00 ਵਜੇ ਲਾਸਨ ਪੈਨਹਿਲ ਪਾਰਕ ਤੋਂ ਬਸ ਵਿੱਚ ਸਵਾਰ ਹੋ ਕੇ ਸੈਂਟਰ ਆਈਲੈਂਡ ਪਹੁੰਚੇ। ਲੱਗ ਪੱਗ ਪੰਜ ਘੰਟੇ ਠੰਡੀਆਂ ਛਾਵਾਂ, ਝੀਲ ਦੇ ਠੰਡੇ ਪਾਣੀਆਂ ਅਤੇ ਫੈਰੀ ਦੇ ਸਫਰ ਦਾ ਅਨੰਦ ਮਾਣਿਆ। ਇਹ ਪ੍ਰੋਗਰਾਮ ਦਾ ਪ੍ਰਬੰਧ ਕਲੱਬ ਦੇ ਪਰਧਾਨ ਸੁਖਦੇਵ ਸਿੰਘ ਫਰਵਾਹਾ,ਸਕੱਤਰ ਕੁਲਵੰਤ ਸਿੰਘ ਜੰਜੂਆ, ਅਵਤਾਰ ਸਿੰਘ ਦੀ ਅਗਵਾਈ ਵਿੱਚ ਸਮੁਚੀ ਕਲੱਬ ਨੇ ਮਿਲ ਕੇ ਕੀਤਾ। ਛੇ ਕੁ ਵਜੇ ਦੇ ਕਰੀਬ ਖੁਸ਼ੀ ਖੁਸ਼ੀ ਘਰ ਵਾਪਸ ਪਰਤ ਆਏ। ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਫਰਵਾਹਾ ਨੇ ਸੱਭ ਮੈਂਬਰਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਅਗਲੇ ਟਰਿਪ ਦੇ ਲਈ ਮੈਂਬਰਾਂ ਨੂੰ ਵਿਉਂਤ ਬਣਾਉਣ ਲਈ ਸਲਾਹ ਕਰਨ ਵਾਸਤੇ ਬੇਨਤੀ ਕੀਤੀ।

# ਟਰਿਪਲ ਕਰਾਊਨ ਸੀਨੀਅਰਜ਼ ਕਲੱਬ ਦਾ ਟੂਰ



(ਬਰੈਂਪਟਨ/ਬਾਸੀ ਹਰਚੰਦ ) ਟਰਿਪਲ ਕਰਾਊਨ ਛੋਟੇ ਜਿਹੇ ਏਰੀਏ ਵਿੱਚ ਹੈ ਪਰ ਉਹ ਆਪਣੀਆਂ ਸਰਗਰਮੀਆਂ ਸੁਚੱਜੇ ਤਰੀਕੇ ਨਾਲ ਨਿਭਉਂਦੀ ਹੇ। 14 ਜੁਲਾਈ ਨੂੰ ਕਲੱਬ ਦੇ ਮੈਂਬਰਾਂ ਨੇ ਸੈਂਟਰ ਆਈ ਲੈਂਡ ਦਾ ਟੂਰ ਲਾਇਆ।ਇਸ ਦਿਨ ਤੇ ਹਰੇ ਰਾਮਾ ਹਰੇ ਕ੍ਰਿਸ਼ਨਾ ਸੰਸਥਾਂ ਦਾ ਸੈਂਟਰ ਆਈਲੈਂਡ ਤੇ ਪ੍ਰੋਗਰਾਮ ਹੁੰਦਾ ਹੈ। ਬੀਬੀ ਰਮੇਸ਼ ਲੂੰਬਾ ਨੇ ਟਰਿਪ ਦੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ। ਪ੍ਰੋ: ਨਿਰਮਲ ਸਿੰਘ ਨੇ ਦੱਸਿਆ ਕਿ ਇਹ ਸਾਡੀ ਪ੍ਰੀਵਾਰਕ ਮਿਲਣੀ ਦੀ ਤਰ੍ਹਾਂ ਹੈ। ਕਲੱਬ ਦੇ ਸਾਰੇ ਮੈਂਬਰ ਮਿਲ ਜੁਲ ਕੇ ਕੰਮ ਕਰਦੇ ਹਨ। ਬੀਬੀਆਂ ਦਾ ਸਹਿਯੋਗ ਹਮੇਸ਼ਾ ਹੀ ਅਤਿ ਸਲਾਹੁਣਯੋਗ ਹੁੰਦਾ ਹੈ।ਸੀਨੀਅਰਜ਼ ਅਸੋਸੀਏਸ਼ਨ ਦੇ ਸਤਿਕਾਰ ਯੋਗ ਜੰਗੀਰ ਸਿੰਘ ਸੈਂਭੀ ਅਤੇ ਹਰਚੰਦ ਸਿੰਘ ਬਾਸੀ ਨੇ ਕਲੱਬ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ ਅਤੇ ਉਹਨਾਂ ਦੇ ਵਧੀਆ ਪ੍ਰਬੰਧ ਦੀ ਸਰਾਹਣਾ ਕੀਤੀ। ਸੁਖਦੇਵ ਸਿੰਘ ਬੇਦੀ ਨੇ ਗਾਰਬੈਗ ਦੀ ਸਫਾਈ ਕਰਕੇ ਫਰਜ਼ ਦੀ ਪੂਰਤੀ ਕੀਤੀ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਇਸ ਮਹੀਨੇ ਦਾ ਸਮਾਗ਼ਮ 20 ਜੁਲਾਈ ਨੂੰ ਓਕਵਿਲ ਵਿਚ

ਬਰੈਂਪਟਨ, (ਡਾ. ਝੰਡ) - ਡਾ. ਪਰਗਟ ਸਿੰਘ ਬੱਗਾ, ਉਨ੍ਹਾਂ ਦੇ ਸਹਿਯੋਗੀ ਸਾਥੀਆਂ ਅਤੇ ਓਕਵਿਲ ਸ਼ਹਿਰ ਦੇ ਵਾਸੀਆਂ ਦੇ ਮੋਹ-ਭਿੱਜੇ ਸੱਦੇ 'ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ 20 ਜੁਲਾਈ ਦਿਨ ਸ਼ਨੀਵਾਰ ਨੂੰ ਓਕਵਿਲ ਦੇ 'ਰਿਵਰ ਓਕਸ ਕਮਿਊਨਿਟੀ ਸੈਂਟਰ' ਦੇ ਰੂਮ-'ਏ' ਵਿਚ ਸ਼ਾਮ ਦੇ 5.00 ਵਜੇ ਤੋਂ ਰਾਤ ਦੇ 9.00 ਵਜੇ ਤੀਕ ਰੱਖਿਆ ਗਿਆ ਹੈ। ਇਹ ਕਮਿਊਨਿਟੀ ਸੈਂਟਰ 2400 ਸਿਕਸਥ . ਲਾਈਨ, ਓਕਵਿਲ ਉੱਪਰ ਸਥਿਤ ਹੈ। ਇਹ ਸਮਾਗ਼ਮ ਬ੍ਰਹਿਮੰਡੀ-ਸ਼ਾਇਰ ਗੁਰੂ ਨਾਨਕ ਦੇਵ ਜੀ ਦੇ 550’ਵੇਂ ਪ੍ਰਕਾਸ਼-ਦਿਹਾੜੇ ਨੂੰ ਸਮਰਪਿਤ ਹੋਵੇਗਾ ਅਤੇ ਇਸ ਵਿਚ ਹੋਣ ਵਾਲੇ ਸਾਂਝੇ ਕਵੀ-ਦਰਬਾਰ ਵਿਚ ਭਾਰਤ ਤੇ ਪਾਕਿਸਤਾਨ ਤੋਂ ਪੰਜਾਬੀ, ਹਿੰਦੀ ਤੇ ਉਰਦੂ ਦੇ ਕਵੀ ਤੇ ਗਾਇਕ ਆਪਣੀਆਂ ਰਚਨਾਵਾਂ ਸਾਂਝੀਆਂ ਕਰਨਗੇ। ਇਸ ਸਮਾਗ਼ਮ ਦੀ ਕੋਈ ਐਂਟਰੀ-ਟਿਕਟ ਨਹੀਂ ਹੈ ਅਤੇ ਸਮਾਗ਼ਮ ਦੇ ਪ੍ਰਬੰਧਕਾਂ ਵੱਲੋਂ ਇਸ ਦੌਰਾਨ ਹਾਜ਼ਰੀਨ ਲਈ ਚਾਹ-ਪਾਣੀ, ਸਨੈਕਸ ਅਤੇ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।

ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮੂਹ ਮੈਂਬਰ ਸ਼ਾਮ ਦੇ 3.30 ਵਜੇ ਟੌਰਬਰੱਮ ਰੋਡ ਅਤੇ ਸਟੀਲਜ਼ ਐਵੀਨਿਊ ਦੇ ਪਲਾਜ਼ੇ ਵਿਚ 'ਸ਼ੇਰਗਿੱਲ ਲਾੱਅ ਆਫ਼ਿਸ' ਦੇ ਸਾਹਮਣੇ ਪਾਰਕਿੰਗ ਵਿਚ ਇਕੱਤਰ ਹੋਣਗੇ ਅਤੇ ਉੱਥੋਂ ਕਾਰਾਂ ਦਾ ਕਾਫ਼ਲਾ 3.45 ਵਜੇ ਓਕਵਿਲ ਵੱਲ ਰਵਾਨਾ ਹੋਵੇਗਾ। ਜਿਨ੍ਹਾਂ ਮੈਂਬਰਾਂ ਤੇ ਹੋਰ ਸਾਹਿਤ-ਪ੍ਰੇਮੀਆਂ ਕੋਲ ਜਾਣ ਦਾ ਆਪਣਾ ਪ੍ਰਬੰਧ ਨਹੀਂ ਹੈ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਠੀਕ 3.30 ਵਜੇ ਉਪਰੋਕਤ ਪਲਾਜ਼ੇ ਵਿਚ ਪਹੁੰਚ ਜਾਣ ਅਤੇ ਉੱਥੋਂ ਸਾਰਿਆਂ ਨੂੰ ਕਾਰਾਂ ਵਿਚ ਓਕਵਿਲ ਲਿਜਾਣ ਅਤੇ ਵਾਪਸੀ 'ਤੇ ਘਰੀਂ ਪਹੁੰਚਾਉਣ ਦਾ ਪ੍ਰਬੰਧ ਸਭਾ ਵੱਲੋਂ ਕੀਤਾ ਜਾਏਗਾ।

ਪ੍ਰੋਗਰਾਮ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਡਾ. ਪਰਗਟ ਸਿੰਘ ਬੱਗਾ (905-531-8901), ਪਰਮਜੀਤ ਸਿੰਘ ਢਿੱਲੋਂ (519-709-8586), ਮਲੂਕ ਸਿੰਘ ਕਾਹਲੋਂ (905-497-1216), ਸੁਖਦੇਵ ਸਿੰਘ ਝੰਡ (647-567-9128) ਜਾਂ ਤਲਵਿੰਦਰ ਸਿੰਘ ਮੰਡ (416-904-3500) ਵਿੱਚੋਂ ਕਿਸੇ ਨੂੰ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਇਆ ਜਾਏਗਾ

( ਬਰੈਂਪਟਨ/ ਬਾਸੀ ਹਰਚੰਦ ) ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਦੱਸਿਆ ਕਿ ਭਾਰਤ ਵਤਨ ਦੀ ਅਜ਼ਾਦੀ ਲਈ ਕੀਮਤੀ ਜਾਨ ਵਾਰਨ ਵਾਲੇ, ਲੋਕ ਹੱਕਾਂ ਲਈ ਕੁਰਬਾਨ ਹੋਣ ਵਾਲੇ ਸੂਰਬੀਰ ਸ਼ਹੀਦ ਸ: ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਉਣਾ ਭਾਰਤ ਵਾਸੀਆਂ ਲਈ ਪਵਿਤਰ ਫਰਜ਼ ਹੈ ਸੋ ਪੰਜਬੀ ਸੱਭਿਆਚਾਰ ਮੰਚ ਵੱਲੋਂ ਸੂਰਬੀਰ ਦਾ ਸ਼ਹੀਦੀ ਦਿਨ 4 ਅਗਸਤ ਦਿਨ ਐਤਵਾਰ ਨੂੰ ਫਰੈਡਰਿਕ ਬੈਂਟਿੰਗ ਇੰਟਰਨੇਸ਼ਨਲ ਸਕੂਲ 21 ਕਵੈਂਟਰੀ ਰੋਡ ਬਰੈਂਪਟਨ ਵਾਲਮਾਰਟ ਦੀ ਬੈਕ ਤੇ ਮਨਾਇਆ ਜਾਏਗਾ। ਇਸ ਪ੍ਰੋਗਰਾਮ ਦਾ ਸਮਾਂ 2-00 ਵਜੇ ਤੋਂ 6-00 ਵਜੇ ਤੱਕ ਹੋਵੇਗਾ। ਸੋ ਸੱਭ ਸਰਗਰਮ ਸੰਸਥਾਵਾਂ,ਬੁਧੀਜੀਵੀਆਂ,ਆਮ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਉ ਰਲ ਮਿਲ ਕੇ ਭਾਰਤ ਦੇਸ ਤੋਂ ਕੁਰਬਾਨ ਹੋਣ ਵਾਲੇ ਲੋਕਾਂ ਦੀ ਯਾਦ ਨੂੰ ਤਾਜਾ ਕਰੀਏ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਲੋਕਾਂ ਦੇ ਸੁਨੇਹੇ ਨੂੰ ਅੱਗੇ ਵਧਾਉਣ ਵਿੱਚ ਸਹਿਯੋਗ ਦੇਈਏ। ਹੋਰ ਜਾਣਕਾਰੀ ਲਈ ਫੋਨ ਨੰਬਰ ਬਲਦੇਵ ਸਿੰਘ ਸਹਿਦੇਵ, ਸੁਖਦੇਵ ਸਿੰਘ ਸਕੱਤਰ 647-298-7250 ਸੁਰਿੰਦਰ ਸਿੰਘ ਗਿੱਲ 905-460-5544 ਹਰਚੰਦ ਸਿੰਘ ਬਾਸੀ 647-786-9502

# ਪੀ.ਸੀ.ਐੱਚ.ਐੱਸ. ਦੇ ਸਾਰੇ ਸੀਨੀਅਰਜ਼ ਗਰੁੱਪਾਂ ਨੇ 'ਨਿਆਗਰਾ ਆਨ ਦ ਲੇਕ' ਦਾ ਟੂਰ ਲਾਇਆ



ਬਰੈਂਪਟਨ, (ਡਾ. ਝੰਡ) -ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ (ਪੀ.ਸੀ.ਐੱਚ.ਐੱਸ.) ਪੰਜਾਬੀ ਕਮਿਊਨਿਟੀ ਦੀ ਭਲਾਈ ਲਈ ਇਕ ਵਿਕਾਸ ਪ੍ਰਾਜੈੱਕਟ ਹੈ ਜੋ ਇਸ ਦੇ ਸੀ.ਈ.ਓ ਬਲਦੇਵ ਸਿੰਘ ਮੁੱਟਾ ਦੀ ਅਗਵਾਈ ਵਿਚ 1990 ਵਿਚ ਹੋਂਦ ਵਿਚ ਆਇਆ। ਪਿਛਲੇ ਦੋ ਦਹਾਕਿਆਂ ਤੋਂ ਇਹ ਭਲਾਈ ਸੰਸਥਾ ਇਕ ਨਾੱਟ-ਫ਼ਾਰ-ਪਰਾਫ਼ਿਟ, ਚੈਰੀਟੇਬਲ, ਐਕਰੀਡਾਈਟਿਡ ਅਤੇ ਹੈੱਲਥ ਸਰਵਿਸਿਜ਼ ਪ੍ਰੋਵਾਈਡਰ ਵਜੋਂ ਬਾਖ਼ੂਬੀ ਕੰਮ ਕਰ ਰਹੀ ਹੈ। ਇਸ ਦੇ ਮੁੱਖ-ਉਦੇਸ਼ਾਂ ਵਿੱਚ ਲੋਕਾਂ ਦੇ ਨਿੱਜੀ, ਪਰਿਵਾਰਿਕ ਅਤੇ ਕਮਿਊਨਿਟੀ ਦੇ ਜੀਵਨ-ਪੱਧਰ ਵਿਚ ਸੁਧਾਰ ਕਰਨਾ ਹੈ ਅਤੇ ਇਸ ਦੀ ਪੂਰਤੀ ਲਈ ਇਹ ਕਈ ਤਰ੍ਹਾਂ ਦੇ ਪ੍ਰੋਗਰਾਮ ਚਲਾ ਰਹੀ ਹੈ ਜਿਨ੍ਹਾਂ ਵਿਚ ਇਸ ਦੇ 50 ਸੰਨੀਮੈਡੋ ਬੁਲੇਵਾਰਡ ਸਥਿਤ ਹੈੱਡ-ਕੁਆਰਟਰ ਤੋਂ ਇਲਾਵਾ ਮਿਸੀਸਾਗਾ, ਮਾਲਟਨ ਤੇ ਕੈਲਾਡਨ ਵਿਚ ਚਾਰ ਹੋਰ ਲੋਕੇਸ਼ਨਾਂ ਉੱਪਰ ਸੀਨੀਅਰਜ਼ ਦੀ ਭਲਾਈ ਲਈ ਕਈ ਵੱਖ-ਵੱਖ ਗਰੁੱਪ ਵੀ ਲਗਾਤਾਰ ਚਲਾਏ ਜਾ ਰਹੇ ਹਨ ਜਿਨ੍ਹਾਂ ਦੀਆਂ ਹਫ਼ਤਾਵਾਰੀ-ਇਕੱਤਰਤਾਵਾਂ ਵਿਚ ਵੱਖ-ਵੱਖ ਸਰਗ਼ਮੀਆਂ ਚੱਲਦੀਆਂ ਰਹਿੰਦੀਆਂ ਹਨ।



ਇਨ੍ਹਾਂ ਸਰਗ਼ਮੀਆਂ ਤਹਿਤ ਹੀ ਲੰਘੇ ਸ਼ੁੱਕਰਵਾਰ 12 ਜੁਲਾਈ ਨੂੰ ਪੀ.ਸੀ.ਐੱਚ.ਐੱਸ. ਦੀ ਮੈਨੇਜਮੈਂਟ ਵੱਲੋਂ ਇਸ ਦੇ ਸਾਰੇ ਗਰੁੱਪਾਂ ਦੇ ਮੈਂਬਰਾਂ ਦਾ ਸਮੂਹਿਕ ਰੂਪ ਵਿਚ ਪੰਜ ਵੱਡੀਆਂ ਚਾਰਟਰਡ ਏ.ਸੀ. ਬੱਸਾਂ ਵਿਚ ਨਿਆਗਰਾ ਸ਼ਹਿਰ ਅਤੇ ਇਸ ਦੀ ਮਸ਼ਹੂਰ 'ਨਿਆਗਰ ਆਨ ਦ ਲੇਕ' ਦਾ ਟੂਰ ਲਗਾਇਆ ਗਿਆ। ਸਾਰੇ ਗਰੁੱਪਾਂ ਨੂੰ ਮਿਲਾ ਕੇ ਮੈਂਬਰਾਂ ਦੀ ਗਿਣਤੀ 250 ਦੇ ਕਰੀਬ ਹੋ ਗਈ। ਸਾਰੇ ਮੈਂਬਰ ਸਵੇਰੇ 8.30 ਵਜੇ 50 ਸੰਨੀਮੀਡੋ ਬੁਲੇਵਾਰਡ ਦੀ ਪਾਰਕਿੰਗ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਜਿੱਥੇ ਉਪਰੋਕਤ ਪੰਜ ਚਾਰਟਰਡ ਬੱਸਾਂ ਉਨ੍ਹਾਂ ਦਾ ਇੰਤਜ਼ਾਰ ਕਰ ਰਹੀਆਂ ਸਨ। ਵੱਖ-ਵੱਖ ਗਰੁੱਪਾਂ ਦੇ ਇੰਚਾਰਜਾਂ ਵੱਲੋਂ ਸਾਰੇ ਮੈਂਬਰਾਂ ਦੀ ਬਾਕ-ਾਇਦਾ ਹਾਜ਼ਰੀ ਲਗਾ ਕੇ ਉਨ੍ਹਾਂ ਨੂੰ ਹਲਕੇ ਬਰੇਕਫ਼ਾਸਟ ਦੇ ਪੈਕਟ ਅਤੇ ਪਾਣੀ ਦੀਆਂ ਬੋਤਲਾਂ ਦੇ ਕੇ ਉਨ੍ਹਾਂ ਨੂੰ ਅਲਾਟ ਕੀਤੀਆਂ ਗਈਆਂ ਬੱਸਾਂ ਵਿਚ ਬੈਠਣ ਲਈ ਕਿਹਾ ਗਿਆ। ਸਵਾ ਨੌਂ ਵਜੇ ਸਾਰੇ ਮੈਂਬਰ ਬੱਸਾਂ ਵਿਚ ਆਪੋ ਆਪਣੀਆਂ ਸੀਟਾਂ ਉੱਪਰ ਬੈਠ ਗਏ ਅਤੇ 9.30 ਬੱਸਾਂ ਦੇ ਕਾਫ਼ਲੇ ਨੇ ਨਿਆਗਰਾ ਵੱਲ ਆਪਣਾ ਰੁਖ਼ ਕਰ ਲਿਆ।

ਨਿਆਗਰਾ ਸ਼ਹਿਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਨਿਰਧਾਰਤ ਪ੍ਰੋਗਰਾਮ ਅਨੁਸ-ਾਰ ਇਨ੍ਹਾਂ ਬੱਸਾਂ ਨੇ ਨਿਆਗਰਾ ਲੇਕ ਅਤੇ ਨਹਿਰ ਦੇ ਉੱਪਰ ਬਣੇ ਉਚੇ-ਪੁਲ਼ ਤੋਂ ਲੰਘ ਕੇ ਸ਼ਹਿਰ ਤੋਂ ਬਾਹਰਵਾਰ ਅੰਗੂਰਾਂ ਦੇ ਬਾਗ਼ਾਂ ਵੱਲ ਜਾਣ ਵਾਲਾ ਰਾਹ ਫੜ੍ਹਿਆ ਅਤੇ ਮੈਂਬਰਾਂ ਨੂੰ ਕਈ ਮੀਲਾਂ ਦੇ ਘੇਰੇ ਵਿਚ ਫ਼ੈਲੇ ਇਨ੍ਹਾਂ ਬਾਗ਼ਾਂ ਦੇ ਮਨਮੋਹਕ ਦ੍ਰਿਸ਼ ਵਿਖਾਉਣ ਦਾ ਮੌਕਾ ਪ੍ਰਦਾਨ ਕੀਤਾ। ਮੀਲਾਂ ਲੰਮੀਆਂ ਕਤਾਰਾਂ ਵਿਚ ਲੋਹੇ ਦੀਆਂ ਤਾਰਾਂ ਉੱਪਰ ਚੜ੍ਹੀਆਂ ਅੰਗੂਰਾਂ ਦੀਆਂ ਵੇਲਾਂ ਅਦਭੁੱਤ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਕਈ ਥਾਈਂ ਇਨ੍ਹਾਂ 'ਬਾਗ਼ਾਂ ਦੇ ਮਾਲੀ' ਲੰਮੇ-ਲੰਮੇਂ ਦਸਤਿਆਂ ਵਾਲੀਆਂ 'ਮਗੂੜੀਆਂ' ਵਰਗੇ ਸੰਦਾਂ ਨਾਲ ਅੰਗੂਰਾਂ ਦੀਆਂ ਵੇਲਾਂ ਦੇ ਆਲੇ-ਦੁਆਲੇ ਗੋਡੀ ਕਰ ਰਹੇ ਸਨ ਅਤੇ ਕਈ ਜਗ੍ਹਾ ਇਨ੍ਹਾਂ ਵੇਲਾਂ ਨੂੰ ਸਵੈ-ਚਾਲਕ ਫੁਹਾਰਿਆਂ ਨਾਲ ਪਾਣੀ ਦਿੱਤਾ ਜਾ ਰਿਹਾ ਸੀ। ਇਨ੍ਹਾਂ ਬਾਗ਼ਾਂ ਵਿਚ ਜਾਣ ਵਾਲੀ ਸੜਕ ਦੇ ਦੋਹੀਂ ਬੰਨੀਂ ਕਈ ਥਾਵਾਂ 'ਤੇ ਅੰਗੂਰਾਂ ਦੀ ਸ਼ਰਾਬ (ਵਾਈਨ) ਬਨਾਉਣ ਵਾਲੀਆਂ 'ਵਾਈਨਰੀਆਂ' ਮੌਜੂਦ ਸਨ। ਬੱਸ ਦੇ ਚਾਲਕ ਨੇ ਦੱਸਿਆ ਕਿ ਇਨ੍ਹਾਂ ਵਾਈਨਰੀਆਂ ਵਿਚ 20-25 ਡਾਲਰ ਵਾਲੀ ਆਮ ਵਾਈਨ ਤੋਂ ਲੈ ਕੇ 500 ਡਾਲਰ ਪ੍ਰਤੀ ਬੋਤਲ ਵ਼ਾਲੀ ‘ਐਕਸਪੋਰਟ ਕਵਾਲਿਟੀ ਵਾਈਨ’ ਵੀ ਤਿਆਰ ਹੁੰਦੀ ਹੈ। ਦੁਪਹਿਰ ਦੇ ਬਾਰਾਂ ਕੁ ਵਜੇ ਬੱਸਾਂ ਨਿਰਧਾਰਤ ਪਾਰਕਿੰਗ ਵਿਚ ਪਹੁੰਚ ਗਈਆਂ ਅਤੇ ਉੱਥੋਂ ਬਹੁਤੇ ਮੈਂਬਰ ਪੈਦਲ ਤੁਰ ਕੇ ਅਤੇ ਕਈ ਸਿਟੀ ਸ਼ਟਲ ਬੱਸਾਂ ਵਿਚ ਸਵਾਰ ਹੋ ਕੇ 'ਨਿਆਗਰਾ ਆਨ ਦ ਲੇਕ' ਦੇ ਕੰਢੇ ਬਣੇ ਖ਼ੂਬਸੂਰਤ ਪਾਰਕ ਵਿਚ ਪਹੁੰਚ ਗਏ ਜਿਹੜਾ ਕਿ ਨਿਆਗਰਾ ਲੇਕ ਦੇ ਨਾਲ-ਨਾਲ ਕਾਫ਼ੀ ਲੰਬਾਈ ਵਿਚ ਫ਼ੈਲਿਆ ਹੋਇਆ ਹੈ। ਮੈਂਬਰਾਂ ਦੀ ਦਿਲਚਸਪੀ ਲਈ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਪੰਜ ਕੁ ਵਜੇ ਦੇ ਕਰੀਬ ਇੱਥੇ ਮਾਲ-ਅਸਬਾਬ ਵਾਲਾ ਜਹਾਜ਼ ਆਏਗਾ ਪਰ ਇਹ ਆਉਂਦਾ-ਆਉਂਦਾ ਮਸੀਂ ਛੇ ਕੁ ਵਜੇ ਹੀ ਆਇਆ। ਦੂਰੋਂ ਦਿਖਾਈ ਦਿੰਦਾ ਹੋਇਆ ਹੌਲੀ-ਹੌਲੀ 'ਜੂੰ-ਚਾਲੇ' ਤੁਰਦਿਆਂ ਹੋਇਆਂ ਇਸ ਜਹਾਜ਼ ਨੇ ਆਪਣੇ 'ਅੱਡੇ' 'ਤੇ ਪਹੁੰਚਣ ਲਈ ਅੱਧੇ ਘੰਟੇ ਤੋਂ ਵੀ ਵਧੇਰੇ ਸਮਾਂ ਲਗਾ ਦਿੱਤਾ। ਇੱਥੇ ਆ ਕੇ ਕੁਝ ਮਿੰਟਾਂ ਬਾਅਦ ਹੀ ਇਹ ਪਾਣੀ ਵਿਚ ਨੀਵਾਂ ਹੋਣ ਲੱਗ ਪਿਆ, ਜਿਵੇਂ ਇਹ ਹੇਠਾਂ ਧਰਤੀ ਦੇ ਅੰਦਰ ਜਾ ਰਿਹਾ ਹੋਵੇ ਅਤੇ ਹੌਲੀ-ਹੌਲੀ ਇਸ ਦਾ ਤਿੰਨ-ਚੌਥਾਈ ਹਿੱਸਾ ਜ਼ਮੀਨੀ-ਤਲ ਤੋਂ ਥੱਲੇ ਚਲਾ ਵੀ ਗਿਆ। ਤਕਨੀਕੀ ਪੱਖੋਂ ਅਜਿਹਾ ਇਸ ਤੋਂ ਅਗਲੇ ਪਾਸੇ ਇਸ 'ਨਹਿਰ' ਦੇ ਪਾਣੀ ਦੇ ਪੱਧਰ ਦੇ ਨੀਵਾਂ ਹੋਣ ਕਰਕੇ ਕੀਤਾ ਜਾਂਦਾ ਹੈ। ਨਿਆਗਰਾ ਲੇਕ ਵੱਲੋਂ ਆਉਣ ਵਾਲੇ ਪਾਣੀ ਨੂੰ ਰੋਕਣ ਲਈ ਇਸ ਨਹਿਰ ਦੇ ਅਗਲੇ ਪਾਸੇ ਬੰਦ ਕੀਤੇ 'ਗੇਟ' ਖੋਲ੍ਹ ਦਿੱਤੇ ਜਾਂਦੇ ਹਨ ਅਤੇ ਕੁਝ ਮਿੰਟਾਂ ਵਿਚ ਹੀ ਇਸ ਵਿਚ ਪਾਣੀ ਦਾ ਲੈਵਲ ਨੀਵਾਂ ਹੋ ਕੇ ਨਿਆਗਰਾ ਨਹਿਰ ਦੇ ਬਰਾਬਰ ਹੋ ਜਾਂਦਾ ਹੈ। ਅਗਲਾ ਜਹਾਜ਼ ਆਉਣ ਤੋਂ ਪਹਿਲਾਂ ਇਸ ਮਸਨੂਈ ਨਹਿਰ ਨੂੰ ਨਿਆਗਰਾ ਲੇਕ ਵਾਲੇ ਬੰਨੇ ਵਾਲਾ ਗੇਟ ਖੋਲ੍ਹ ਕੇ ਉਸ ਪਾਸਿਉਂ ਆਉਣ ਵਾਲੇ ਪਾਣੀ ਨਾਲ ਫਿਰ ਭਰ ਲਿਆ ਜਾਂਦਾ ਹੈ। ਸਮੁੰਦਰੀ ਜਹਾਜ਼ ਦਾ ਇਹ 'ਨਜ਼ਾਰਾ' ਨੇੜਿਉਂ ਤੱਕਣ ਤੋਂ ਬਾਅਦ ਸਾਰੇ ਮੈਂਬਰ ਆਪੋ-ਆਪਣੀ ਬੱਸਾਂ ਵਿਚ ਬੈਠ ਗਏ ਅਤੇ ਸ਼ਾਮ ਨੂੰ ਸਾਢੇ ਕੁ ਸੱਤ ਵਜੇ ਆਪਣੇ ਟਿਕਾਣੇ 'ਤੇ ਵਾਪਸ ਪਹੁੰਚੇ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ







ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੰਪਾਦਕੀ

## ਫੈਡਰਲ ਨੌਮੀਨੇਸ਼ਨ: ਇੱਕ ਪ੍ਰੀਕਿਰਿਆ ਜਾਂ ਗੋਰਖ ਧੰਦਾ

ਗਰੇਟਰ ਟੋਰਾਂਟੋ ਏਰੀਆ ਵਿੱਚ ਫੈਡਰਲ ਚੋਣਾਂ ਵਿੱਚ ਕਿਸੇ ਪਾਰਟੀ ਦਾ ਉਮੀਦਵਾਰ ਬਣਨ ਦੀ ਚਾਹਤ ਨਾਲ ਨੌਮੀਨੇਸ਼ਨ ਚੋਣ ਲੜਨ ਵਾਲਿਆਂ ਨੂੰ ਇਸ ਪ੍ਰਕਿਰਿਆ ਨਾਲ ਜੁੜੀਆਂ ਚੁਣੌਤੀਆਂ, ਅਵਸਰਾਂ ਅਤੇ ਦੁਸ਼ਵਾਰੀਆਂ ਦਾ ਭਲੀ ਭਾਂਤ ਪਤਾ ਹੈ। ਖਾਸ ਕਰਕੇ ਜੇ ਕਿਸੇ ਦੀ ਆਸ ਲਿਬਰਲ ਜਾਂ ਕੰਜ਼ਰਵੇਟਿਵ ਪਾਰਟੀ ਦਾ ਉਮੀਦਵਾਰ ਬਣ ਕੇ ਚੋਣ ਲੜਨ ਦੀ ਹੋਵੇ। ਇਸ ਵਾਸਤੇ ਤੁਹਾਡੇ ਕੋਲ ਪਾਰਟੀ ਹਾਈ ਕਮਾਂਡ ਤੱਕ ਚੰਗੀ ਖਾਸੀ ਪਹੁੰਚ, ਪੈਸਾ, ਕਮਿਊਨਿਟੀ ਵਿੱਚ ਅਸਰ ਰਸੂਖ, ਵਾਲੰਟੀਅਰਾਂ ਦੀ ਇੱਕ ਮਜ਼ਬੂਤ ਟੀਮ ਆਦਿ ਦਾ ਹੋਣਾ ਬਹੁਤ ਲਾਜ਼ਮੀ ਹੈ। ਪਰ the Samara Centre for Democracy ਦੁਆਰਾ ਪਿਛਲੇ 12 ਸਾਲਾਂ ਦੌਰਾਨ 6600 ਫੈਡਰਲ ਉਮੀਦਵਾਰਾਂ ਦੀ ਨੌਮੀਨੇਸ਼ਨ ਪ੍ਰਕਿਰਿਆ ਦੀ ਕੀਤੀ ਪੁਣਛਾਣ ਪਰਵਾਸੀਆਂ ਦੀ ਬਹੁ-ਗਿਣਤੀ ਵਾਲੀਆਂ ਰਾਈਡਿੰਗਾਂ ਦੇ ਅਨੁਭਵ ਤੋਂ ਬਿਲਕੁਲ ਉਲਟ ਕਹਾਣੀ ਦੱਸਦੀ ਹੈ। ਇੱਕ ਅਜਿਹੀ ਕਹਾਣੀ ਜੋ ਲੋਕਤੰਤਰ ਦੀ ਮਜ਼ਬੂਤੀ ਨੂੰ ਢਾਹ ਲਾਉਣ ਵਾਲੀ ਹੈ।

ਪਿਛਲੇ 30 ਸਾਲਾਂ ਵਿੱਚ ਹਾਊਸ ਆਫ ਕਾਮਨਜ਼ ਵਿੱਚ ਮੈਂਬਰ ਪਾਰਲੀਮੈਂਟ ਚੁਣ ਕੇ ਜਾਣ ਵਾਲਿਆਂ ਵਿੱਚੋਂ 99% ਉਹ ਸਨ ਜਿਹੜੇ ਕਿਸੇ ਨਾ ਕਿਸੇ ਸਿਆਸੀ ਪਾਰਟੀ ਦੀ ਨੁਮਾਇੰਦਗੀ ਕਰਦੇ ਸਨ। ਇਸਦਾ ਅਰਥ ਹੈ ਕਿ ਕੈਨੇਡਾ ਦੇ ਲੋਕਤਾਂਤਰਿਕ ਢਾਂਚੇ ਦੀ ਮਜ਼ਬੂਤੀ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਸਿਆਸੀ ਪਾਰਟੀਆਂ ਮੈਂਬਰ ਪਾਰਲੀਮੈਂਟ ਲਈ ਖੜੇ ਹੋਣ ਵਾਲੇ ਉਮੀਦਵਾਰਾਂ ਦੀ ਚੋਣ ਕਿੰਨੇ ਕੁ ਧਿਆਨ ਅਤੇ ਪੁਖਤਗੀ ਨਾਲ ਕਰਦੀਆਂ ਹਨ। Samara Centre for Democracy ਨੇ ਜੋ 6600 ਉਮੀਦਵਾਰਾਂ ਦੀ ਸਟੱਡੀ ਕੀਤੀ, ਉਹਨਾਂ ਵਿੱਚੋਂ ਸਿਰਫ਼ 17% ਹੀ ਸਨ ਜਿਹਨਾਂ ਨੇ ਨੌਮੀਨੇਸ਼ਨ ਚੋਣ ਲੜੀ ਸੀ। ਬਾਕੀ 83% ਨੂੰ ਤਾਂ ਪਾਰਟੀ ਹਾਈ ਕਮਾਂਡ ਵੱਲੋਂ ਨੌਮੀਨੇਟ ਕਰ ਦਿੱਤਾ ਜਾਂਦਾ ਰਿਹਾ ਹੈ। 2700 ਉਮੀਦਵਾਰ ਤਾਂ ਉਹ ਸਨ ਜਿਹਨਾਂ ਨੇ ਨੌਮੀਨੇਸ਼ਨ ਪ੍ਰਕਿਰਿਆ ਦਾ ਊੜਾ ਐੜਾ ਵੀ ਪੂਰਾ ਨਹੀਂ ਸੀ ਕੀਤਾ। ਜਿਹੜੀਆਂ ਨੌਮੀਨੇਸ਼ਨ ਚੋਣਾਂ ਹੋਈਆਂ, ਉਹਨਾਂ ਵਿੱਚੋਂ 3900 ਵਿੱਚ ਸਿਰਫ਼ ਇੱਕ ਉਮੀਦਵਾਰ ਖੜਾ ਹੁੰਦਾ ਸੀ ਭਾਵ ਮਹਿਜ਼ ਇੱਕ ਖਾਨਾਪੂਰਤੀ।

ਕਿਸੇ ਪਾਰਟੀ ਦੀ ਨੌਮੀਨੇਸ਼ਨ ਚੋਣ ਵਿੱਚ ਵੋਟ ਪਾਉਣ ਲਈ ਵੋਟਰ ਦਾ ਉਸ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਲਾਜ਼ਮੀ ਹੈ ਪਰ ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ 90% ਕੈਨੇਡੀਅਨ ਕਿਸੇ ਵੀ ਸਿਆਸੀ ਪਾਰਟੀ ਦੇ ਮੈਂਬਰ ਨਹੀਂ ਹਨ। ਸਿਰਫ਼ 15% ਕੈਨੇਡੀਅਨ ਅਜਿਹੇ ਹਨ ਜਿਹਨਾਂ ਨੂੰ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਮੈਂਬਰਸ਼ਿੱਪ ਹਾਸਲ ਕਰਨ ਲਈ ਮਨਾਇਆ ਜਾ ਸਕਦਾ ਹੈ। ਬਾਕੀ ਕੈਨੇਡੀਅਨ ਆਪੋ ਆਪਣੀ ਥਾਂ ਉੱਤੇ ਮਸਤ ਹਨ। ਜੇ ਗਰੇਟਰ ਟੋਰਾਂਟੋ ਏਰੀਆ, ਵੈਨਕੂਵਰ, ਐਡਮਿੰਟਨ ਆਦਿ ਦੀਆਂ ਰਾਈਡਿੰਗਾਂ ਵਿੱਚ ਹਰ ਪਾਰਟੀ ਵੱਲੋਂ ਸਾਈਨ ਕੀਤੇ ਜਾਣ ਵਾਲੇ ਹਜ਼ਾਰਾਂ ਮੈਂਬਰਾਂ ਨੂੰ ਮਨਫ਼ੀ ਕਰ ਦਿੱਤਾ ਜਾਵੇ ਤਾਂ ਮੁਮਕਿਨ ਹੈ ਕਿ ਬਾਕੀ ਕੈਨੇਡਾ ਵਿੱਚ ਕੈਨੇਡੀਅਨਾਂ ਦੇ ਕਿਸੇ ਵੀ ਪਾਰਟੀ ਦਾ ਮੈਂਬਰ ਨਾ ਹੋਣ ਦੀ ਪ੍ਰਤੀਸ਼ਸ਼ਤਾ 90% ਤੋਂ ਵੀ ਵੱਧ ਜਾਵੇਗੀ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਕੈਨੇਡੀਅਨ ਲੋਕਤੰਤਰ ਦਾ ਉਹ ਬੁਨਿਆਦੀ ਢਾਂਚਾ ਕਿੰਨਾ ਕਮਜ਼ੋਰ ਹੈ ਜਿਸ ਉੱਤੇ ਲੋਕਤੰਤਰ ਦਾ ਸਮੁੱਚਾ ਦਾਰੋਮਦਾਰ ਖੜਾ ਹੈ।

ਨੌਮੀਨੇਸ਼ਨ ਪ੍ਰਕਿਰਿਆ ਵਿੱਚ ਪਾਰਟੀ ਹਾਈਕਮਾਂਡ ਹੱਥ ਲੋੜੋਂ ਵੱਧ ਤਾਕਤ ਨੂੰ ਵੀ ਲੋਕਤੰਤਰ ਦਾ ਵਿਰੋਧੀ ਕਿਹਾ ਜਾ ਸਕਦਾ ਹੈ। ਜੇ ਕਿਸੇ ਸਿਆਸੀ ਪਾਰਟੀ ਨੇ ਕਿਸੇ ਵਿਸ਼ੇਸ਼ ਉਮੀਦਵਾਰ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇ ਤਾਂ ਜ਼ਿਆਦਤਰ ਕੇਸਾਂ ਵਿੱਚ ਸਬੰਧਿਤ ਉਮੀਦਵਾਰ ਨੂੰ ਉਸਦੀ ਅਰਜ਼ੀ ਅਪ੍ਰਵਾਨ ਹੋਣ ਦੇ ਕਾਰਣਾਂ ਬਾਰੇ ਦੱਸਿਆ ਤੱਕ ਨਹੀਂ ਜਾਂਦਾ। ਸਿਆਸੀ ਪਾਰਟੀਆਂ ਨੂੰ ਨੌਮੀਨੇਸ਼ਨ ਪ੍ਰਕਿਰਿਆ ਅਤੇ ਉਸਦੇ ਨਤੀਜਿਆਂ ਬਾਰੇ 'ਇਲੈਕਸ਼ਨ ਕੈਨੇਡਾ' ਨੂੰ ਕੋਈ ਇਤਲਾਹ ਦੇਣਾ ਵੀ ਲਾਜ਼ਮੀ ਨਹੀਂ ਹੈ। ਇਲੈਕਸ਼ਨ ਕੈਨੇਡਾ ਤਾਂ ਦੂਰ, ਪਾਰਟੀਆਂ ਨੇ ਆਪਣੇ ਮੈਂਬਰਾਂ ਨਾਲ ਜਾਣਕਾਰੀ ਸਾਂਝੀ ਕਰਨ ਦੇ ਵੀ ਵੱਖੋ ਵੱਖਰੇ ਨੇਮ ਬਣਾ ਰੱਖੇ ਹਨ। ਮਿਸਾਲ ਵਜੋਂ ਕਿਸੇ ਰਾਈਡਿੰਗ ਵਿੱਚ ਨੌਮੀਨੇਸ਼ਨ ਚੋਣ ਕਰਵਾਉਣ ਬਾਬਤ ਕੰਜ਼ਰਵੇਟਿਵ ਅਤੇ ਗਰੀਨ ਪਾਰਟੀ ਵੱਲੋਂ ਤਾਂ ਸਾਰੇ ਮੈਂਬਰਾਂ ਇਤਲਾਹ ਭੇਜੀ ਜਾਂਦੀ ਹੈ ਪਰ ਲਿਬਰਲ ਅਤੇ ਐਨ ਡੀ ਪੀ ਵੱਲੋਂ ਪਾਰਟੀ ਦੇ ਸਾਰੇ ਮੈਂਬਰਾਂ ਨੂੰ ਇਤਲਾਹ ਭੇਜਣਾ ਜਰੂਰੀ ਨਹੀਂ ਹੈ।

ਅਜਿਹੇ ਉੱਘੜ ਦੁੱਘੜ ਨੇਮਾਂ ਦੀ ਰੋਸ਼ਨੀ ਵਿੱਚ ਹੀ ਵੇਖਿਆ ਜਾ ਸਕਦਾ ਹੈ ਕਿ ਐਨ ਡੀ ਪੀ ਹਾਈ ਕਮਾਂਡ ਵੱਲੋਂ ਬੀਤੇ ਦਿਨੀਂ ਬਰੈਂਪਟਨ ਈਸਟ, ਬਰੈਂਪਟਨ ਸਾਊਥ ਅਤੇ ਬਰੈਂਪਟਨ ਵੈਸਟ ਰਾਈਡਿੰਗਾਂ ਲਈ ਕਰਮਵਾਰ ਸਰਨਜੀਤ ਸਿੰਘ, ਮਨਦੀਪ ਕੌਰ ਅਤੇ ਨਵਨੀਤ ਕੌਰ ਨੂੰ ਨੌਮੀਨੇਟ ਕਰ ਦਿੱਤਾ ਗਿਆ ਹੈ। 21 ਜੁਲਾਈ ਦਿਨ ਐਤਵਾਰ ਨੂੰ ਇਹਨਾਂ ਤਿੰਨਾਂ ਉਮੀਦਵਾਰਾਂ ਦੀ ਜਾਣ ਪਹਿਚਾਣ ਇੱਕ ਸਾਂਝਾ ਸਮਾਗਮ ਕਰਕੇ ਪਾਰਟੀ ਚਹੇਤਿਆਂ ਨਾਲ ਕਰਵਾ ਦਿੱਤੀ ਜਾਵੇਗੀ। ਜੇ ਕੱਲ ਨੂੰ ਇਹਨਾਂ ਉਮੀਦਵਾਰਾਂ ਦੀ ਜਿੱਤ ਹੋ ਜਾਂਦੀ ਹੈ ਤਾਂ ਅਗਲੀ ਵਾਰ ਇਹਨਾਂ ਦਾ ਪਾਰਟੀ ਦਾ ਦੁਬਾਰਾ ਉਮੀਦਵਾਰ ਬਣਨਾ ਤੈਅ ਹੈ ਅਤੇ ਇਹੋ ਨੇਮ ਹੋਰ ਪਾਰਟੀਆਂ ਦਾ ਹੈ। Samara Centre for Democracy ਮੁਤਾਬਕ ਇਹੋ ਜਿਹੇ ਨੇਮ ਲੋਕਤੰਤਰ ਲਈ ਘਾਤਕ ਹਨ।

## ਭਾਰੀ ਮੀਂਹ ਕਾਰਨ ਟੋਰਾਂਟੋ ਵਿੱਚ ਜਲ-ਥਲ ਹੋਇਆ ਇੱਕ

...ਪੰਨਾ 1 ਦਾ ਬਾਕੀ

ਟੀਟੀਸੀ ਵੱਲੋਂ ਵੀ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਭਾਰੀ ਮੀਂਹ ਕਾਰਨ ਹੜ੍ਹ ਵਰਗੀ ਸਥਿਤੀ ਬਣਨ ਸਦਕਾ ਕਈ ਰੂਟਾਂ ਉੱਤੇ ਦੇਰ ਹੋ ਸਕਦੀ ਹੈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਮੋਟਰਿਸਟਸ ਨੂੰ ਸੜਕਾਂ ਉੱਤੇ ਵਿਸ਼ੇਸ਼ ਅਹਿਤਿਆਤ ਵਰਤਣ ਦੀ ਸਲਾਹ ਦਿੱਤੀ ਗਈ ਸੀ। ਟੋਰਾਂਟੋ ਐਂਡ ਰੀਜਨਲ ਕੰਜ਼ਰਵੇਸ਼ਨ ਅਥਾਰਟੀ (ਟੀਆਰਸੀਏ) ਵੱਲੋਂ ਬੁੱਧਵਾਰ ਦੁਪਹਿਰ ਨੂੰ ਹੜ੍ਹ ਸਬੰਧੀ ਚੇਤਾਵਨੀ ਜਾਰੀ ਕੀਤੀ ਗਈ ਸੀ। ਕਈ ਇਲਾਕਿਆਂ ਵਿੱਚ ਤਾਂ ਛੇ ਘੰਟੇ ਤੋਂ ਵੀ ਘੱਟ ਸਮੇਂ ਵਿੱਚ 80 ਮਿਲੀਮੀਟਰ ਮੀਂਹ ਪਿਆ ਸੀ। ਟੀਆਰਸੀਏ ਨੇ ਆਪਣੇ ਬਿਆਨ ਵਿੱਚ ਆਖਿਆ ਕਿ ਜੀਟੀਏ ਭਰ ਵਿੱਚ ਭਾਰੀ ਮੀਂਹ ਪੈਣ ਕਾਰਨ ਇੱਥੋਂ ਦੀਆਂ ਨਦੀਆਂ ਚੜ੍ਹ ਚੁੱਕੀਆਂ ਹਨ ਤੇ ਉਨ੍ਹਾਂ ਵਿੱਚ ਪਾਣੀ ਦਾ ਪੱਧਰ ਵੀ ਵੱਧ ਚੁੱਕਿਆ ਹੈ। ਲੋਕਾਂ ਨੂੰ ਪਾਣੀ ਵਾਲੀਆਂ ਥਾਂਵਾਂ ਤੋਂ ਲੰਘਣ ਸਮੇਂ ਅਹਿਤਿਆਤ ਵਰਤਣ ਤੇ ਖੜ੍ਹੇ ਪਾਣੀ ਵਿੱਚੋਂ ਗੱਡੀਆਂ ਨਾ ਕੱਢਣ ਦੀ ਸਲਾਹ ਵੀ ਦਿੱਤੀ ਗਈ ਸੀ। ਸ਼ਨਿੱਚਰਵਾਰ ਨੂੰ ਦੁਬਾਰਾ ਮੀਂਹ ਪੈਣ ਦੀ ਸੰਭਾਵਨਾ ਵੀ ਪ੍ਰਗਟਾਈ ਗਈ ਹੈ।

## ਕਾਰਬਨ ਟੈਕਸ ਦਾ ਗੈਸ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਨਾਲ ਕੋਈ ਲੈਣਾ ਦੇਣਾ ਨਹੀਂ : ਵਿਸ਼ਲੇਸ਼ਕ

...ਪੰਨਾ 1 ਦਾ ਬਾਕੀ

ਇਸ ਲਈ ਇਹ ਆਖਿਆ ਜਾ ਸਕਦਾ ਹੈ ਕਿ ਕਾਰਬਨ ਟੈਕਸ ਦੇ ਅਸਰ ਕਰਕੇ ਇਹ ਅਸਰ ਪ੍ਰਤੀ ਲੀਟਰ ਪਿੱਛੇ ਤਿੰਨ ਸੈਂਟ ਹੀ ਰਿਹਾ।

ਇਸ ਵਾਧੇ ਦੇ ਬਾਵਜੂਦ ਓਨਟਾਰੀਓ ਵਿੱਚ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਗੈਸ ਦੀਆਂ ਕੀਮਤਾਂ ਅਜੇ ਵੀ ਘੱਟ ਹਨ। ਡੀਹਾਨ ਨੇ ਦੱਸਿਆ ਕਿ 17 ਜੁਲਾਈ, 2018 ਨੂੰ ਓਨਟਾਰੀਓ ਦੇ ਪੰਪਾਂ ਉੱਤੇ ਗੈਸ ਦੀ ਔਸਤ ਕੀਮਤ 130.1 ਸੈਂਟ ਸੀ। ਉਸ ਤੋਂ ਬਾਅਦ ਤੋਂ ਹੀ ਦੇਸ਼ ਭਰ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਗਿਰਾਵਟ ਹੀ ਆਈ ਹੈ। ਸਟੈਟਸਕੈਨ ਮੁਤਾਬਕ ਪਿਛਲੇ ਸਾਲ ਦੇਸ਼ ਭਰ ਵਿੱਚ ਗੈਸ ਦੀਆਂ ਕੀਮਤਾਂ ਵਿੱਚ 9.2 ਫੀ ਸਦੀ ਗਿਰਾਵਟ ਦਰਜ ਕੀਤੀ ਗਈ ਤੇ ਜੂਨ ਵਿੱਚ ਮਹਿੰਗਾਈ ਦਰ ਵਿੱਚ ਰਿਕਾਰਡ ਕੀਤੀ ਗਈ 2.0 ਫੀ ਸਦੀ ਗਿਰਾਵਟ ਪਿੱਛੇ ਵੀ ਇਹੋ ਕਾਰਨ ਮੰਨਿਆ ਜਾ ਰਿਹਾ ਹੈ।

ਅਲਬਰਟਾ ਵਿੱਚ ਗੈਸੋਲੀਨ ਦੀ ਕੀਮਤ ਪਿਛਲੇ ਸਾਲ ਦੌਰਾਨ 17 ਫੀ ਸਦੀ ਤੱਕ ਘੱਟ ਗਈ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਸ ਪਿੱਛੇ ਮੁੱਖ ਕਾਰਨ ਪ੍ਰੀਮੀਅਰ ਜੇਸਨ ਕੇਨੀ ਵੱਲੋਂ ਮਈ ਵਿੱਚ ਪ੍ਰੋਵਿੰਸ਼ੀਅਲ ਕਾਰਬਨ ਟੈਕਸ ਨੂੰ ਖ਼ਤਮ ਕਰਨਾ ਹੈ। ਡੀਹਾਨ ਨੇ ਆਖਿਆ ਕਿ ਦੇਸ਼ ਭਰ ਵਿੱਚ ਗੈਸੋਲੀਨ ਦੀਆਂ ਕੀਮਤਾਂ ਵਿੱਚ ਆਈ ਗਿਰਾਵਟ ਦਾ ਕਾਰਬਨ ਟੈਕਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਆਖਿਆ ਕਿ ਅਮਰੀਕਾ ਦੀ ਚੀਨ ਨਾਲ ਛਿੜੀ ਜੰਗ ਕਾਰਨ ਅਜਿਹਾ ਹੋਣ ਦੀ ਸੰਭਾਵਨਾ ਵਧੇਰੇ ਹੈ। ਇਸ ਟਰੇਡ ਜੰਗ ਨੇ ਚੀਨ ਦੇ ਅਰਥਚਾਰੇ ਦੀ ਵਿਕਾਸ ਦਰ ਘਟਾਈ ਹੈ ਤੇ ਤੇਲ ਦੀ ਗਲੋਬਲ ਮੰਗ ਵਿੱਚ ਕਮੀ ਆਈ ਹੈ।

ਡੀਹਾਨ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਗਰਮੀਆਂ ਦੇ ਅੰਤ ਤੱਕ ਗੈਸੋਲੀਨ ਦੀਆਂ ਕੀਮਤਾਂ ਮੁੜ 1.20 ਡਾਲਰ ਪ੍ਰਤੀ ਲੀਟਰ ਹੋ ਜਾਣਗੀਆਂ। ਉਨ੍ਹਾਂ ਆਖਿਆ ਕਿ ਗੈਸ ਦੀਆਂ ਕੀਮਤਾਂ ਉਸ ਸੂਰਤ ਵਿੱਚ ਵੱਧ ਸਕਦੀਆਂ ਹਨ ਜੇ ਟਰੇਡ ਵਾਰ ਖ਼ਤਮ ਹੋ ਜਾਂਦੀ ਹੈ ਜਾਂ ਫਿਰ ਪਰਸ਼ੀਆ ਦੀ ਖਾੜੀ ਵਿੱਚ ਤਣਾਅ ਵੱਧਦਾ ਹੈ। ਇਸ ਤੋਂ ਇਲਾਵਾ ਜੇ ਇਰਾਨ ਸ਼ਿਪਿੰਗ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਵੀ ਇਸ ਵਿੱਚ ਵਾਧਾ ਹੋ ਸਕਦਾ ਹੈ।

## ਨੂਰਮਹਿਲ ਵਿੱਚ ਡਾਕਟਰ ਅਤੇ ਬੂਟੀਕ ਸੰਚਾਲਕ ਜੋੜੇ ਤੋਂ ਨਕਦੀ ਅਤੇ ਮੋਬਾਈਲ ਲੁੱਟੀ

ਨੂਰਮਹਿਲ, 17 ਜੁਲਾਈ (ਪੋਸਟ ਬਿਊਰੋ)- ਇਸ ਇਲਾਕੇ ਵਿਚ ਸੋਮਵਾਰ ਰਾਤ ਲੁਟੇਰਿਆਂ ਨੇ ਵੱਖ-ਵੱਖ ਥਾਈਂ ਡਾਕਟਰ ਅਤੇ ਬੂਟੀਕ ਸੰਚਾਲਕ ਜੋੜੇ ਤੋਂ ਨਕਦੀ ਅਤੇ ਮੋਬਾਈਲ ਲੁੱਟ ਲਏ।

ਇਸ ਸੰਬੰਧ ਵਿੱਚ ਡਾਕਟਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਹ ਪਿੰਡ ਸਰੀਂਹ ਤੋਂ ਆਪਣਾ ਕਲੀਨਿਕ ਬੰਦ ਕਰ ਕੇ ਘਰ ਮੁੜ ਰਹੇ ਸਨ ਕਿ ਬਾਈਕ ਸਵਾਰਾਂ ਨੇ ਉਨ੍ਹਾਂ ਨੂੰ ਰੋਕ ਕੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਲੁਟੇਰੇ ਉਨ੍ਹਾਂ ਕੋਲੋਂ ਪੰਜ ਹਜ਼ਾਰ ਰੁਪਏ ਤੇ ਦਸਤਾਵੇਜ਼ ਲੁੱਟ ਕੇ ਲੈ ਗਏ। ਉਹ ਕਿਸੇ ਤਰ੍ਹਾਂ ਬਾਈਕ ਚਲਾ ਕੇ ਹਸਪਤਾਲ ਨੂਰਮਹਿਲ ਪਹੁੰ-ਚੇ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦਾ ਇਲਾਜ ਕੀਤਾ। ਇਸ ਬਾਰੇ ਥਾਣਾ ਨੂਰਮਹਿਲ ਵਿੱਚ ਸੂਚਨਾ ਦੇ ਦਿੱਤੀ ਗਈ ਹੈ।

ਦੂਸਰੀ ਵਾਰਦਾਤ ਵਿੱਚ ਲੁਟੇਰਿਆਂ ਨੇ ਬੂਟੀਕ ਸੰਚਾਲਕ ਜੋੜੇ ਨੂੰ ਸ਼ਿਕਾਰ ਬਣਾਇਆ ਹੈ। ਸਵਰਣ ਸਿੰਘ ਵਾਸੀ ਗੋਰਸੀਆਂ ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਉਹ ਨੂਰਮਹਿਲ ਵਿੱਚ ਬੂਟੀਕ ਚਲਾਉਂਦੇ ਹਨ। ਕੱਲ੍ਹ ਰਾਤ ਉਹ ਪਤਨੀ ਦੇ ਨਾਲ ਪਿੰਡ ਵਾਪਸ ਜਾ ਰਹੇ ਸਨ ਤਾਂ ਪਿੰਡ ਰਾਮੇਵਲਾ ਕੋਲ ਬਾਈਕ ਸਵਾਰ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ 8500 ਰੁਪਏ ਅਤੇ ਦੋ ਮੋਬਾਈਲ ਖੋਹ ਲਏ। ਲੁਟੇਰੇ ਜਾਂਦੇ ਸਮੇਂ ਉਨ੍ਹਾਂ ਦਾ ਟਿਫਨ, ਚਾਹ ਵਾਲੀ ਕੇਤਲੀ ਵੀ ਨਾਲ ਲੈ ਗਏ। ਮਾਮਲੇ ਦੀ ਸੂਚਨਾ ਬਿਲਗਾ ਥਾਣੇ ਨੂੰ ਦੇ ਦਿੱਤੀ ਗਈ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਤੁਰਕੀ ਦੇ ਰੂਸ ਨਾਲ ਮਿਜ਼ਾਈਲ ਸੌਦੇ ਪਿੱਛੋਂ ਅਮਰੀਕਾ ਭੜਕਿਆ, ਜਹਾਜ਼ ਦੇਣ ਤੋਂ ਇਨਕਾਰ

### * ਅਮਰੀਕਾ ਦੇ ਨਵੇਂ ਰੁਖ ਤੋਂ ਭਾਰਤ ਵੀ ਚਿੰਤਤ

ਵਾਸ਼ਿੰਗਟਨ, 17 ਜੁਲਾਈ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਰੂਸ ਤੋਂ ਐੱਸ-400 ਮਿਜ਼ਾਈਲ ਡਿਫੈਂਸ ਸਿਸਟਮ ਖਰੀਦਣ ਕਾਰਨ ਤੁਰਕੀ ਨੂੰ ਅਮਰੀਕਾ ਦੇ ਐੱਫ-35 ਲੜਾਕੂ ਜਹਾਜ਼ ਨਹੀਂਮਿਲਣਗੇ। ਟਰੰਪ ਸਰਕਾਰ ਦਾ ਇਹ ਫੈਸਲਾ ਭਾਰਤ ਲਈ ਵੀ ਸੰਕੇਤ ਹੈ, ਕਿਉਂਕਿ ਉਸ ਨੇ ਅਮਰੀਕਾ ਦੀ ਸਲਾਹਨਾ ਮੰਨਦੇ ਹੋਏ ਐੱਸ-400 ਮਿਜ਼ਾਈਲ ਡਿਫੈਂਸ ਸਿਸਟਮ ਖਰੀਦਣ ਲਈ ਰੂਸ ਨਾਲ ਸੌਦਾ ਕੀਤਾ ਹੈ।ਭਾਰਤ ਨੇ ਐੱਸ-400 ਮਿਜ਼ਾਈਲ ਡਿਫੈਂਸ ਸਿਸਟਮ ਖਰੀਦਣ ਲਈ ਰੂਸ ਨਾਲ ਪਿਛਲੇ ਸਾਲ ਅਕਤੂਬਰ ਵਿੱਚ ਸਮਝੌਤਾ ਕੀਤਾ ਸੀ।

ਤਾਜ਼ਾ ਹਾਲਤ ਵਿੱਚ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਜਦ ਤੁਰਕੀ ਦੇ ਰਾਸ਼ਟਰਪਤੀ ਰਜ਼ਬ ਤਇਬ ਐਰਦੋਗਨ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਪ੍ਰਣਾਲੀ 'ਪੈਟ੍ਰੀਅਟ' ਅਮਰੀਕਾ ਤੋਂ ਖਰੀਦਣਾ ਚਾਹੁੰਦੇ ਸਨ ਤਾਂ ਓਬਾਮਾ ਸਰਕਾਰ ਨੇ ਵੇਚੀ ਨਹੀਂ ਸੀ। ਅੱਜ ਟਰੰਪ ਨੇ ਮੰਗਲਵਾਰ ਨੂੰ ਵ੍ਹਾਈਟ ਹਾਊਸ ਵਿੱਚ ਕੈਬਨਿਟ ਬੈਠਕ ਦੇ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਅੱਜ ਸਥਿਤੀ ਇਹ ਹੈ ਕਿ ਤੁਰਕੀ ਦੇ ਸਬੰਧ ਸਾਡੇ ਨਾਲ ਬੜੇ ਚੰਗੇ ਹਨ, ਬਹੁਤ ਚੰਗੇ ਤੇ ਅਚਾਨਕ ਤੁਰਕੀ ਨੇ ਰੂਸ ਵੱਲ ਮੂੰਹ ਕਰ ਲਿਆ ਹੈ ਤਾਂ ਅਸੀਂ ਉਨ੍ਹਾਂ ਨੂੰ ਐੱਫ-35 ਲੜਾਕੂ ਜਹਾਜ਼ ਨਹੀਂ ਵੇਚਾਂਗੇ।ਨਵੇਂ ਅਮਰੀਕੀ ਕਾਨੂੰਨਾਂ ਮੁਤਾਬਕ ਕੋਈ ਵੀ ਦੇਸ਼ ਜੇ ਰੂਸ ਤੋਂ ਵੱਡੇ ਫੌਜੀ ਸਾਧਨ ਖਰੀਦਦਾ ਹੈ ਤਾਂ ਉਸ ਉੱਤੇ ਅਮਰੀਕਾ ਵੱਲੋਂ ਪਾਬੰਦੀ ਲਾਈ ਜਾ ਸਕਦੀ ਹੈ। ਅਮਰੀਕੀ ਪਾਰਲੀਮੈਂਟ ਨੇ ਇਸ ਕਾਨੂੰਨ ਵਿੱਚ ਥੋੜ੍ਹੀ ਛੋਟ ਵੀ ਦਿੱਤੀ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਜੂਨ ਵਿੱਚਅਮਰੀਕੀ ਵਿਦੇਸ਼ ਮੰਤਰੀ ਮਾਇਕ ਪੌਂਪੀਓ ਨੂੰ ਕਿਹਾ ਸੀ ਕਿ ਭਾਰਤ ਪਾਬੰਦੀਆਂ ਝੱਲ ਰਹੇ ਰੂਸ ਦੇ ਨਾਲ ਐੱਸ-400 ਮਿਜ਼ਾਈਲ ਰੱਖਿਆ ਸਿਸਟਮ ਸੌਦੇ ਬਾਰੇ ਆਪਣੇ ਰਾਸ਼ਟਰੀ ਹਿੱਤਾਂ ਮੁਤਾ-ਬਕ ਫੈਸਲਾ ਕਰੇਗਾ। ਜੈਸ਼ੰਕਰ ਨੇ ਕਿਹਾ ਸੀ ਕਿ ਮੇਰੀ ਸੋਚ ਹੈ ਕਿ ਅਸੀਂ ਉਹੋ ਕਰਾਂਗੇ, ਜੋ ਸਾਡੇ ਦੇਸ਼ ਦੇ ਹਿੱਤ ਵਿੱਚ ਹੈ। ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਸੁਚੇਤ ਕੀਤਾ ਕਿ ਕਿਸੇ ਵੀ ਦੇਸ਼ ਲਈਏਦਾਂ ਦੇ ਸੌਦੇ ਕਰਨ ਦੀਖੁੱਲ੍ਹੀ ਛੋਟ ਨਹੀਂ ਹੈ। ਤੁਰਕੀ ਨੇ ਨਾਟੋ ਗੱਠਜੋੜ ਦੇ ਸਹਿਯੋਗੀ ਅਮਰੀਕਾ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਕੇ ਪਿਛਲੇ ਸ਼ੁੱਕਰਵਾਰ ਨੂੰ ਰੂਸ ਤੋਂ ਐੱਸ-400 ਮਿਜ਼ਾਈਲ ਰੱਖਿਆ ਸਿਸਟਮ ਦੀ ਪਹਿਲੀ ਖੇਪ ਹਾਸਲ ਕੀਤੀ ਸੀ।

ਅੱਜ ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਦੱਸਿਆ ਕਿ ਤੁਰਕੀ ਨੇ 100 ਐੱਫ-35 ਜਹਾਜ਼ ਖਰੀਦਣ ਦੇ ਲਈ ਸਾਡੇ ਦੇਸ਼ ਨੂੰ ਆਰਡਰ ਦਿੱਤਾ ਸੀ। ਉਨ੍ਹਾਂ ਨੇ ਇਸ ਨੂੰ ਬੇਹੱਦ ਮੁਸ਼ਕਿਲ ਸਥਿਤੀ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਦੀਸਰਕਾਰ ਇਸ ਉੱਤੇ ਕੰਮ ਕਰ ਰਹੀ ਹੈ ਅਤੇ ਦੇਖਦੇ ਹਾਂ ਕਿ ਨਤੀਜਾ ਕੀ ਨਿਕਲਦਾ ਹੈ।

## ਗੁਰਦਿਆਲ ਰੌਸ਼ਨ ਤੇ ਦਰਸ਼ਨ ਹਰਵਿੰਦਰ ਦੇ ਸਨਮਾਨ 'ਚ ਵਿਸ਼ੇਸ਼-ਸਮਾਗ਼ਮ



ਬਰੈਂਪਟਨ, (ਡਾ. ਝੰਡ) -ਪੰਜਾਬੀ ਦੇ ਪ੍ਰਮੁੱਖ ਗ਼ਜ਼ਲਗੋ ਗੁਰਦਿਆਲ ਰੌਸ਼ਨ ਅਤੇ ਦਿੱਲੀ ਦੇ ਪ੍ਰਸਿੱਧ ਪੱਤਰਕਾਰ ਦਰਸ਼ਨ ਹਰਵਿੰਦਰ ਦੇ ਸਨਮਾਨ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਬੀਤੇ ਸ਼ੁੱਕਰਵਾਰ 12 ਜੁਲਾਈ ਨੂੰ ਐੱਫ਼.ਬੀ.ਆਈ. ਸਕੂਲ ਵਿਚ ਸ਼ਾਮ ਦੇ 7.00 ਵਜੇ ਤੋਂ ਰਾਤ ਦੇ 10.00 ਤੱਕ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਇਨ੍ਹਾਂ ਦੋ ਪ੍ਰਮੁੱਖ ਹਸਤੀਆਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾਂ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਪੱਛਮੀ ਪਾਕਿਸਤਾਨ ਦੇ ਸ਼ਾਇਰ ਜਨਾਬ ਅਫ਼ਜ਼ਲ ਰਾਜਾ ਸ਼ਾਮਲ ਹੋਏ।

ਸਭਾ ਦੇ ਚੇਅਰਪਰਸਨ ਕਰਨ ਅਜਾਇਬਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਸਰੋਤਿਆਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਮੰਚ-ਸੰਚਾਲਕ ਪਰਮਜੀਤ ਸਿੰਘ ਢਿੱਲੋਂ ਵੱਲੋਂ ਮੁੱਖ-ਮਹਿਮਾਨਾਂ ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੂੰ ਆਪਣੇ ਬਾਰੇ ਕੁਝ ਦੱਸਣ ਨੂੰ ਕਿਹਾ ਜਿਸ ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਉਹ ਮੁੱਢਲੇ ਰੂਪ ਵਿਚ ਨਵਾਂ ਸ਼ਹਿਰ ਦੇ ਵਾਸੀ ਹਨ ਪਰ ਅੱਜਕੱਲ ਲੁਧਿਆਣਾ ਸ਼ਹਿਰ ਵਿਖੇ ਰਹਿ ਰਹੇ ਹਨ। ਸ਼ੁਰੂ ਤੋਂ ਹੀ ਉਨ੍ਹਾਂ ਦਾ ਰੁਝਾਨ ਕਵਿਤਾ ਵੱਲ ਹੋ ਗਿਆ ਅਤੇ ਫਿਰ ਉਨ੍ਹਾਂ ਨੇ ਗ਼ਜ਼ਲ ਦੀਆਂ ਬਾਰੀਕੀਆਂ ਨੂੰ ਸਿੱਖਣ ਲਈ ਦੀਪਕ ਜੈਤੋਈ ਜੀ ਨੂੰ ਆਪਣਾ ਗੁਰੂ ਧਾਰ ਲਿਆ। ਉਨ੍ਹਾਂ ਦੀਆਂ ਗ਼ਜ਼ਲਾਂ ਦੀਆਂ ਹੁਣ ਤੀਕ 16 ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਮਹਿਫ਼ਲ (2017), ਘੁੰਗਰੂ (2018), ਕਿਣ-ਮਿਣ (2019) ਪ੍ਰਮੁੱਖ ਹਨ। ਏਸੇ ਤਰ੍ਹਾਂ ਉਨ੍ਹਾਂ ਦੀਆਂ ਗੀਤਾਂ ਤੇ ਕਵਿਤਾਵਾਂ ਦੀਆਂ 8 ਪੁਸਤਕਾਂ ਹਨ ਅਤੇ 5 ਬਾਲ-ਕਾਵਿ ਵੀ ਹਨ। ਉਨ੍ਹਾਂ ਕੁਝ ਪੁਸਤਕਾਂ ਸੰਪਾਦਿਤ ਵੀ ਕੀਤੀਆਂ ਹਨ ਅਤੇ ਕਈ ਨਿਬੰਧ ਵੀ ਲਿਖੇ ਹਨ। ਆਪਣੇ ਨਾਂ ਉੱਪਰ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਪਿੰਡ ਗੱਜਰ ਵਿਚ ਸਥਾਪਿਤ ਕੀਤੇ ਗਏ 'ਰੌਸ਼ਨ ਕਲਾ ਕੇਂਦਰ' ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਉਨ੍ਹਾਂ ਨੇ ਸ਼ੁਭਚਿੰਤਕਾਂ ਕੰਵਲਜੀਤ ਸਿੰਘ ਕੰਵਰ ਅਤੇ ਪੁਸ਼ਪਿੰਦਰ ਕੌਰ ਜੋਸਨ ਦੇ ਸਾਂਝੇ ਉਪਰਾਲੇ ਸਦਕਾ ਤਾਮੀਰ ਹੋ ਸਕਿਆ ਹੈ ਅਤੇ ਇਸ ਵਿਚ ਬਹੁਤ ਸਾਰੇ ਕਵੀਆਂ ਅਤੇ ਹੋਰ ਲੇਖਕਾਂ ਨੇ ਆਪਣਾ ਯੋਗਦਾਨ ਪਾਇਆ ਹੈ। 19 ਜਨਵਰੀ 2019 ਨੂੰ ਹੋਏ ਇਸ ਦੇ ਉਦਘਾਟਨੀ ਸਮਾਰੋਹ ਵਿਚ 150 ਦੇ ਲੱਗਭੱਗ ਲੇਖਕ ਸ਼ਾਮਲ ਹੋਏ। ਉਨ੍ਹਾਂ ਹਾਜ਼ਰੀਨ ਨਾਲ ਆਪਣੀਆਂ ਕੁਝ ਤਾਜ਼ਾ ਗ਼ਜਲਾਂ ਤੇ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ।


ਦਿੱਲੀ ਤੋਂ ਆਏ ਪ੍ਰਸਿੱਧ ਪੱਤਰਕਾਰ ਦਰਸ਼ਨ ਹਰਵਿੰਦਰ ਨੇ ਕੈਨੇਡਾ ਬਾਰੇ ਆਪਣੇ ਹਾਵ-ਭਾਵ ਸਾਂਝੇ ਕਰਦਿਆਂ ਕਿਹਾ ਕਿ ਭਾਰਤ ਵਿਚ ਹੁਣ ਪੱਤਰਕਾਰੀ ਕਰਨੀ ਬੜੀ ਮੁਸ਼ਕਲ ਹੋ ਗਈ ਹੈ। ਮੀਡੀਆ ਸਰਕਾਰੀ ਦਬਾਅ ਹੇਠ ਹੈ ਅਤੇ ਉਹ ਆਪਣੇ ਆਜ਼ਾਦ ਵਿਚਾਰ ਨਹੀਂ ਦੇ ਰਿਹਾ। ਉਨ੍ਹਾਂ ਮੀਡੀਏ ਦੇ ਕੁਝ ਹਿੱਸੇ ਨੂੰ ਸਰਕਾਰ-ਪੱਖੀ ਵੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕਵਿਤਾ ਤਾਂ ਉਨ੍ਹਾਂ ਨੂੰ ਲਿਖਣੀ ਆਉਂਦੀ ਨਹੀਂ, ਅਲਬੱਤਾ, ਉਨ੍ਹਾਂ ਦੀ ਪਤਨੀ ਕਦੀ ਕਦੀ ਕੁਝ ਗਾ ਲੈਂਦੀ ਹੈ ਅਤੇ ਉਨ੍ਹਾਂ ਦੀ ਫਰਮਾਇਸ਼ 'ਤੇ ਮਿਸਿਜ਼ ਵੀਨਕਸ਼ੀ ਸ਼ਰਮਾ ਨੇ ਆਪਣੀ ਸੁਰੀਲੀ ਆਵਾਜ਼ ਵਿਚ ਇਕ ਖ਼ੂਬਸੂਰਤ ਗੀਤ ਗਾਇਆ।

ਸਮਾਗ਼ਮ ਦੇ ਅਗਲੇ ਭਾਗ ਵਿਚ ਗਿਆਨ ਸਿੰਘ ਦਰਦੀ, ਮਕਸੂਦ ਚੌਧਰੀ, ਸੁਰਿੰਦਰ ਗੀਤ, ਸੰਨੀ ਸ਼ਿਵਰਾਜ, ਮੀਤਾ ਖੰਨਾ ਤੇ ਹੋਰ ਕਈਆਂ ਨੇ ਆਪਣੀਆਂ ਕਵਿਤਾਵਾਂ ਤੇ ਗੀਤ ਸੁਣਾਏ। ਸਮਾਗ਼ਮ ਦੇ ਅਖ਼ੀਰ ਵਿਚ ਬਲਰਾਜ ਚੀਮਾ ਵੱਲੋਂ ਆਏ ਆਏ ਮਹਿਮਾਨਾਂ ਅਤੇ ਸਮੂਹ-ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਹਾਜ਼ਰ ਸ਼ਖ਼ਸੀਅਤਾਂ ਵਿਚ ਕ੍ਰਿਪਾਲ ਸਿੰਘ ਪੰਨੂੰ, ਤਲਵਿੰਦਰ ਸਿੰਘ ਮੰਡ, ਮਲੂਕ ਸਿਘ ਕਾਹਲੋਂ, ਦਰਸ਼ਨ ਸਿੰਘ ਗਰੇਵਾਲ, ਜਸਵਿੰਦਰ ਸਿੰਘ, ਕਾਮਰੇਡ ਸੁਖਦੇਵ ਧਾਲੀਵਾਲ, ਪੁਸ਼ਪਿੰਦਰ ਕੌਰ ਜੋਸਣ ਸਮੇਤ ਕਈ ਹੋਰ ਸ਼ਾਮਲ ਸਨ। ਇਸ ਮੌਕੇ ਮੰਡੀ ਡੱਬਵਾਲੀ ਤੋਂ ਆਏ ਪੁਸ਼ਪਿੰਦਰ ਜੋਸਣ ਦੇ ਭਰਾ ਮਹਿੰਦਰ ਸਿੰਘ ਥਿੰਦ ਨੂੰ ਉਨ੍ਹਾਂ ਦੇ ਉਸ ਦਿਨ ਜਨਮ-ਦਿਹਾੜੇ ਨੂੰ ਅਚਨਚੇਤੀ ਮਨਾਉਣ ਲਈ ਅਛੋਪਲੇ ਤੌਰ 'ਤੇ ਲਿਆਂਦਾ ਗਿਆ ਕੇਕ ਕੱਟਿਆ ਗਿਆ। ਸਾਰਿਆਂ ਨੇ ਇਹ ਮਿਲ ਕੇ ਛਕਿਆ ਅਤੇ ਮਹਿੰਦਰ ਸਿੰਘ ਥਿੰਦ ਨੂੰ ਉਨ੍ਹਾਂ ਦੇ ਜਨਮ-ਦਿਵਸ ਦੀ ਮੁਬਾਰਕਬਾਦ ਦਿੱਤੀ। ਸਮਾਗ਼ਮ ਦੇ ਅੰਤ ਵਿਚ ਆਰਡਰ ਕੀਤਾ ਹੋਇਆ ਪੀਜ਼ਾ ਵੀ ਆ ਪਹੁੰਚਾ ਅਤੇ ਪੀਜ਼ਾ ਡਿਨਰ ਹੋਇਆ।
















# ਸਪਰਿੰਗਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਦਾ ਸੈਂਟ ਆਈਲੈਂਡ ਦਾ ਟੂਰ



ਬਰੈਂਪਟਨ, (ਡਾ. ਝੰਡ) -ਸਪਰਿੰਗਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦੀ ਕਲੱਬ ਦੇ 47 ਮੈਂਬਰਾਂ ਨੇ 14 ਜੁਲਾਈ ਐਤਵਾਰ ਨੂੰ ਸੈਂਟਰ ਆਈਲੈਂਡ ਦਾ ਟੂਰ ਲਗਾਇਆ। ਉਹ ਸਵੇਰੇ 9.00 ਵਜੇ ਵਿਲੀਅਮ ਹਿਊਸਨ ਪਾਰਕ ਵਿਖੇ ਇਕੱਠ ਹੋ ਗਏ ਅਤੇ ਇਕ ਸਕੂਲ ਬੱਸ ਵਿਚ ਸਵਾਰ ਹੋ ਕੇ ਦਸ ਕੁ ਵਜੇ ਟੋਰਾਂਟੋ ਡਾਊਨ ਟਾਊਨ ਪਹੁੰਚ ਗਏ। ਉੱਥੋਂ ਫ਼ੈਰੀ ਟਰਮੀਨਲ 'ਤੇ ਆਪਣਾ ਨੰਬਰ ਆਉਣ 'ਤੇ ਸਾਰੇ ਮੈਂਬਰ ਇਕ ਫ਼ੈਰੀ ਵਿਚ ਸਵਾਰ ਹੋ ਕੇ ਸੈਂਟਰ ਆਈਲੈਂਡ ਪਹੁੰਚੇ। ਕਈ ਥਾਵਾਂ ਵੇਖਣ ਤੋਂ ਬਾਅਦ ਇਕ ਖ਼ੂਬਸੂਰਤ ਪਾਰਕ ਵਿਚ ਬੈਠ ਕੇ ਸਾਰਿਆਂ ਨੇ ਆਪਣੇ ਨਾਲ ਲਿਆਂਦਾ ਹੋਇਆ ਭੋਜਨ ਛਕਿਆ ਅਤੇ ਚਾਹ-ਪਾਣੀ ਪੀਤਾ।

ਇੱਥੇ ਹੀ ਉਸ ਦਿਨ 'ਹਰੇ ਰਾਮਾ ਹਰੇ ਕ੍ਰਿਸ਼ਨਾ' ਵਾਲਿਆਂ ਦਾ ਪ੍ਰੋਗਰਾਮ ਵੀ ਚੱਲ ਰਿਹਾ ਸੀ। ਕਈ ਮੈਂਬਰ ਇਹ ਪ੍ਰੋਗਰਾਮ ਵੇਖਣ ਚਲੇ ਗਏ ਅਤੇ ਉੱਥੇ ਉਨ੍ਹਾਂ ਦਾ ਲੰਗਰ ਵੀ ਛਕਿਆ। ਉਪਰੰਤ, ਸਾਰੇ ਮੈਂਬਰ ਸਮੁੰਦਰ ਦੇ ਕੰਢੇ 'ਤੇ ਜਾ ਕੇ ਕੁਦਰਤੀ ਨਜ਼ਾਰਿਆਂ ਨੂੰ ਮਾਣਨ ਲੱਗ ਪਏ। ਕੁਦਰਤ ਦੀ ਗੋਦ ਵਿਚ ਬੈਠ ਕੇ ਸਾਰੇ ਹੀ ਬਹੁਤ ਖ਼ੁਸ਼ ਸਨ। ਉੱਥੇ ਹੀ ਕਈ ਬੀਬੀਆਂ ਨੇ ਬੋਲੀਆਂ ਪਾ ਪਾ ਕੇ ਅਤੇ ਨੱਚ ਕੇ ਸਾਰਿਆਂ ਦਾ ਖ਼ੂਬ ਮਨੋਰੰਜਨ ਕੀਤਾ। ਚਾਰ ਕੁ ਵਜੇ ਵਾਪਸੀ ਪਾ ਲਈ ਅਤੇ ਸਾਰੇ ਮੈਂਬਰ ਫੈਰੀ ਵਿਚ ਚੜ੍ਹ ਗਏ। ਲੱਗਭੱਗ ਪੰਜ ਵਜੇ ਆਪਣੀ ਸਕੂਲ ਬੱਸ ਵਿਚ ਬੈਠ ਕੇ ਉੱਥੋਂ ਘਰਾਂ ਨੂੰ ਰਵਾਨਾ ਹੋਏ। ਇਸ ਟੂਰ ਪ੍ਰੋਗਰਾਮ ਦੀ ਸਫ਼ਲਤਾ ਵਿਚ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਤੋਂ ਇਲਾਵਾ ਮਲਕੀਤ ਸਿੰਘ, ਹਰਬੰਸ ਸਿੰਘ, ਬੇਅੰਤ ਸਿੰਘ ਬਿਰਦੀ, ਜੋਗਿੰਦਰ ਸਿੰਘ ਚੇਅਰਮੈਨ, ਸੁਰਜੀਤ ਸਿੰਘ, ਬਲਜੀਤ ਕੌਰ ਗਰੇਵਾਲ, ਮਨਜੀਤ ਕੌਰ ਥਿੰਦ ਆਦਿ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।

## ਜੇਮਜ਼ ਪੌਟਰ ਸੀਨੀਅਰਜ਼ ਕਲੱਬ ਵੱਲੋਂ 'ਕੈਨੇਡਾ ਡੇਅ' ਤੇ ਮਲਟੀਕਲਚਰਲ ਖੇਡ ਮੇਲਾ 21 ਜੁਲਾਈ ਨੂੰ

ਬਰੈਂਪਟਨ, (ਡਾ. ਝੰਡ) -ਜੇਮਜ਼ ਪੌਟਰ ਸੀਨੀਅਰਜ਼ ਕਲੱਬ ਦੇ ਪ੍ਰਧਾਨ ਪ੍ਰੀਤਮ ਸਿੰਘ ਸਰਾਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਕੈਨੇਡਾ ਡੇਅ ਅਤੇ ਮਲਟੀਕਲਚਰਲ ਖੇਡ ਮੇਲਾ 21 ਜੁਲਾਈ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਹ ਮੇਲਾ 'ਡਮੱਟਾ ਪਾਰਕ' ਜੋ ਕਿ ਜੇਮਜ਼ ਪੌਟਰ ਪਬਲਿਕ ਸਕੂਲ ਦੇ ਪਿਛਲੇ ਪਾਸੇ ਕਰੈਡਿਟ ਵਿਊ ਉੱਪਰ ਹੈ, ਵਿਖੇ ਮਨਾਇਆ ਜਾਏਗਾ। ਮੇਲੇ ਵਿਚ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਔਰਤਾਂ ਦੀ ਚਾਟੀ-ਰੇਸ/ਮਿਊਜ਼ੀਕਲ-ਰੇਸ ਅਤੇ ਬਜ਼ੁਰਗਾਂ ਦੇ ਗੋਲਾ ਸੁੱਟਣ ਤੇ ਰੱਸਾ-ਕਸ਼ੀ ਦੇ ਮੁਕਾ-ਬਲੇ ਕਰਵਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਦੇ ਜੇਤੂਆਂ ਨੂੰ ਟਰਾਫ਼ੀਆਂ ਤੇ ਹੋਰ ਦਿਲਕਸ਼ ਇਨਾਮ ਦਿੱਤੇ ਜਾਣਗੇ। ਇਸ ਦੇ ਨਾਲ਼ ਹੀ ਮਰਦਾਂ ਦੇ ਤਾਸ਼ ਦੇ ਮੁਕਾਬਲੇ ਵੀ ਕਰਵਾ ਜਾ ਰਹੇ ਹਨ ਜਿਨ੍ਹਾਂ ਦੀ ਐਂਟਰੀ ਫ਼ੀਸ 10 ਡਾਲਰ ਰੱਖੀ ਗਈ ਹੈ ਅਤੇ ਇਨ੍ਹਾਂ ਐਂਟਰੀਆਂ ਦਾ ਸਮਾਂ ਉਸ ਦਿਨ 11.00 ਵਜੇ ਤੱਕ ਹੋਵੇਗਾ। ਆਏ ਮਹਿਮਾਨਾਂ ਤੇ ਕਲੱਬ ਦੇ ਮੈਂਬਰਾਂ ਦੇ ਮਨੋਰੰਜਨ ਲਈ ਗਿੱਧਾ, ਭੰਗੜਾ, ਆਦਿ ਤੋਂ ਇਲਾਵਾ ਮਸ਼ਹੂਰ ਗਾਇਕਾ ਰੁਪਿੰਦਰ ਰਿੰਪੀ ਆਪਣੇ ਗੀਤਾਂ ਰਾਹੀਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਨਗੇ। ਕਲੱਬ ਵੱਲੋਂ ਸਾਰਾ ਦਿਨ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਇਹ ਬਿਲਕੁਲ ਫ਼ਰੀ ਹੋਵੇਗਾ। ਕਾਰ-ਪਾਰਕਿੰਗ ਦੀ ਵੀ ਫ਼ਰੀ ਸਹੂਲਤ ਉਪਲੱਭਧ ਹੈ। ਪ੍ਰਬੰਧਕਾਂ ਵੱਲੋਂ ਸਮੂਹ ਬਰੈਂਪਟਨ-ਵਾਸੀਆਂ ਨੂੰ ਇਸ ਮੇਲੇ ਵਿਚ ਪਹੁੰਚ ਕੇ ਇਸ ਦੀ ਰੌਣਕ ਵਧਾਉਣ ਲਈ ਬੇਨਤੀ ਕੀਤੀ ਜਾਂਦੀ ਹੈ।

## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਲਾਨਾ ਪਿਕਨਿਕ 21 ਜੁਲਾਈ ਨੂੰ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਲਾਨਾ ਪਿਕਨਿਕ ਮਿਤੀ 21ਜੁਲਾਈ, 2019 ਦਿਨ ਐਤਵਾਰ ਨੂੰ ਟੈਰਾ-ਕੋਟਾ ਕੰਸਰਵੇਸ਼ਨ ਏਰੀਆ ਜੋ ਕੇ 14452 ਵਿੰਸਟਨ ਚਰਚਿਲ ਬੁਲੇਵਾਰਡ ਤੇ ਸਥਿਤ ਹੈ ਵਿਚ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਨਾਲ ਸਬੰਧਿਤ ਸਾਰੇ ਵਿਦਿਆਰਥੀਆਂ, ਪ੍ਰੋਫੈਸਰਾਂ, ਕਰਮਚਾਰੀਆਂ, ਅਧਿਕਾਰੀਆਂ ਅਤੇ ਹੋਰ ਸੰਬੰਧਿਤ ਸੱਜਣਾ ਨੂੰ ਇਸ ਪਿਕਨਿਕ ਵਿਚ ਆਉਣ ਦਾ ਹਾਰਦਿੱਕ ਸੱਦਾ ਦਿੱਤਾ ਜਾਂਦਾ ਹੈ। ਖੇਤੀਬਾੜੀ ਯੂਨੀਵਰਸਿਟੀ ਦਾ ਪੰਜਾਬ ਦੀਆਂ ਫਸਲਾਂ ਦਾ ਝਾੜ ਵਧਾਉਣ ਵਿਚ ਵੱਡਾ ਯੋਗਦਾਨ ਰਿਹਾ ਹੈ। ਕਨੇਡਾ ਰਹਿ ਰਹੇ ਜਿਆਦਾਤਰ ਪ੍ਰੋਫੈਸਰ, ਕਰਮਚਾਰੀ ਵੀਹਵੀਂ ਸਦੀ ਦੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਪੰਜਾਬ ਦੀ ਖੇਤੀ ਵਿਚ ਆਈ ਕਰਾਂਤੀ ਦੇ ਸਿਰਜਕਾਂ ਵਿਚੋਂ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ 1990 ਤੋਂ ਬਾਅਦ ਆਸਟਰੇਲੀਆ ਜਾਂ ਕਨੇਡਾ ਵਿਚ ਅਪਣੀਆਂ ਅਗਲੀਆਂ ਪੀੜੀਆਂ ਦੇ ਇਨ੍ਹਾਂ ਦੇਸ਼ਾਂ ਵਿਚ ਦਿਸਦੇ ਚੰਗੇ ਭਵਿਖ ਲਈ ਵੱਡੀਆਂ ਪਦਵੀਆਂ ਛੱਡ ਕੇ ਇਥੇ ਆ ਵਸੇ ਅਤੇ ਅਜਕਲ੍ਹ ਇਥੇ ਵੀ ਚੰਗੀਆਂ ਨੌਕਰੀਆਂ ਕਰ ਰਹੇ ਹਨ ਜਾਂ ਅਪਣੇ ਚੰਗੇ ਕਾਰੋਬਾਰ ਚਲਾ ਰਹੇ ਹਨ। ਇਸ ਪਿਕਨਿਕ ਵਿਚ ਹਾਸੇ ਠੱਠੇ ਤੋਂ ਇਲਾਵਾ, ਪਰਿਵਾਰਕ ਮੈਂਬਰਾਂ ਦੁਆਰਾ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਹੁੰਦਾ ਹੈ, ਬਚਿਆਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ ਅਤੇ ਖਾਣ ਪੀਣ ਦਾ ਵੀ ਚੰਗਾ ਪ੍ਰਬੰਧ ਕੀਤਾ ਜਾਂਦਾ ਹੈ। ਸੋ ਸਾਰੇ ਸੰਬੰਧਿਤ ਸੱਜਣਾ ਨੂੰ ਬੇਨਤੀ ਕੀਤੀ ਜਾਂਦੀ ਹੈ ਕੇ ਸਮੇਂ ਸਿਰ ਪਹੁੰਚੋ ਅਤੇ ਆਪਣੀਆਂ ਪੀ ਏ ਯੂ ਨਾਲ ਜੁੜੀਆਂ ਯਾਦਾਂ ਨੂੰ ਫਿਰ ਤੋਂ ਤਾਜ਼ਾ ਕਰੋ। ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਚਹਿਲ (647-290-9267) ਜਾਂ ਜਸਵੰਤ ਸਿੰਘ ਕੰਬੋਜ (416-567-4416) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12
Classes will Start on
- July 02 (Tuesday) 1st Batch
- July 08(Monday) 2nd Batch
- July 15 (Monday) 3rd Batch
- July 22(Monday) 4th Batch

Starting from $50 /week (JK)
* Charges may vary according to the grade

- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*

Mrs. Manmeet Bhullar, OCT
M..Sc. (Physics), B.Ed.
(Certified Teacher of Math & Science)

Mr. Pushpinder Bhullar
M.A.Sc. (Mechanical Engg.)
(Graduate of Ryerson University, Toronto)

Springdale (Main Location) Unit # 2, 1098 Peter Robertson Blvd. (Karol Bagh Plaza)
(Corner of Peter Robertson & Torbram)
Call : 905-790-1516



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8



• Jai Baba Ji • Jai Ranghar Badshah Ji • Jai Mata Ji •
With the blessings of Sidh Baba Balak Nath Ji, Mata Ji
Brahmleen Guru Maharaj Bibi Satya Devi
Dassan De Dass, Faqiran De Faqir, RANGHAR BADSHAH JI
SIDH SHAKTI
Mata Ji Ka 32nd
CHALLA
On August 11, 2019
दासों के दास – फ़क़ीरों के फकीर
रंगड़ बादशाह जी
बंगा/कनेडा वाले
210 Islington Ave. • (416) 251-5538 • sidhshaktibhawan.com
• SIDH SHAKTI BHAWAN CANADA •
• Jai Baba Ji • Jai Ranghar Badshah Ji • Jai Mata Ji •
CHALLA • CHALLA • CHALLA • CHALLA



ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## ਮੌਲਿਕ ਵਿਗਿਆਨਕ ਅਤੇ ਅਪ੍ਰਕਾਸ਼ਤ ਲੇਖ

# ਜੋਤਿਸ਼ ਟੇਵਾ ਤੁੱਕਾ ਤੇ ਅਨੁਮਾਨ



ਅਮਰਜੀਤ ਢਿੱਲੋਂ ਦਬੜ੍ਹੀਖਾਨਾ (ਵਿਨੀਪੈਗ)

ਰੋਜ਼ ਦਾ ਕੰਮ ਕਰਨ ਨਾਲ ਅਭਿਆਸ ਹੋ ਜਾਂਦਾ ਹੈ। ਜਿਵੇਂ ਚੇਲੇ ਪੁੱਛਾਂ ਦਿੰਦੇ ਹਨ। ਉਹ ਕਣ ਵੇਖਕੇ ਦੱਸ ਦਿੰਦੇ ਹਨ ਕਿ ਤੇਰੀ ਮੱਝ ਨਹੀਂ ਮਿਲਦੀ ਜਾਂ ਤੇਰੇ ਘਰ 'ਚ ਕਲੇਸ਼ ਹੈ, ਮਾਇਆ ਦੀ ਤੋਟ ਹੈ ਜਾਂ ਮੁੰਡਿਆਂ ਨੂੰ ਸਾਕ ਨਹੀਂ ਹੁੰਦਾ ਆਦਿ। ਅਸਲ ਵਿਚ ਸਮੱਸਿਆਵਾਂ ਤਾਂ ਉਹੀ ਹੁੰਦੀਆਂ ਹਨ। ਅਨਪੜ੍ਹ ਚੇਲੇ ਢੋਲਕੀ ਚਿਮਟਾ ਵਜਾ ਕੇ ਗਾਹਕ ਨੂੰ ਆਪਣੇ ਵੱਸ 'ਚ ਕਰਦੇ ਹਨ। ਜੋਤਿਸ਼ੀ ਪੱਤਰੀ ਦੇਖ ਕੇ ਜਾਂ ਹੱਥਾਂ ਦੀਆਂ ਰੇਖਾਵਾਂ ਦੇਖ ਕੇ ਗਾਹਕ ਨੂੰ ਫਸਾਉਂਦੇ ਹਨ। ਜੋਤਸ਼ੀਆਂ ਨੂੰ ਰੋਜ ਦੇ ਅਭਿਆਸ ਕਾਰਨ ਲੋਕਾਂ ਦੀ ਮਾਨਸਿਕਤਾ ਦਾ ਪਤਾ ਲੱਗ ਜਾਂਦਾ ਹੈ। ਉਹ ਹਰ ਨੌਜਵਾਨ ਨੂੰ ਕਹਿੰਦੇ ਹਨ ਕਿ ਤੇਰੇ ਦੋ ਜਾਂ ਤਿੰਨ ਵਿਆਹ ਹਨ ਪਰ ਕਿਸੇ ਔਰਤ ਨੂੰ ਇਹ ਗੱਲ ਭੁੱਲ ਕੇ ਵੀ ਨਹੀਂ ਕਹਿੰਦੇ ਜਦੋਂ ਕਿ ਉਹ ਹੀ ਰੇਖਾਵਾਂ ਔਰਤ ਦੇ ਵੀ ਹੁੰਦੀਆਂ ਹਨ। ਪੱਤਰੀਆਂ ਵਿਚ ਵਿਆਹ ਦੇ ਲਗਾਨ, ਮਹੂਰਤ, ਘਰ ਪ੍ਰਵੇਸ਼ ਆਦਿ ਦੇ ਲਗਨ ਮਹੂਰਤ ਲਿਖੇ ਜਾਂਦੇ ਹਨ। ਧਰਤੀ ਨੂੰ ਸੁੱਤੀ ਜਾਗਦੀ ਦਿਖਾਇਆ ਜਾਂਦਾ ਹੈ। ਪਹਿਲਾਂ ਅਨਪੜ੍ਹ ਕਿਸਾਨ ਪੱਤਰੀ ਦੇਖ ਕੇ ਹੀ ਹਲ ਵਾਹੁੰਦਾ ਸੀ ਕਿ ਕਿਤੇ ਧਰਤੀ ਸੁੱਤੀ ਨਾ ਪਈ ਹੋਵੇ। ਉਹਨਾਂ ਨੂੰ ਪੁੱਛਣ ਵਾਲਾ ਹੋਵੇ ਕਿ ਜਦੋਂ ਆਪਾਂ ਕਿਸੇ ਦਾ ਢਿੱਡ ਹੀ ਪਾੜਨੈ ਫਿਰ ਉਹ ਭਾਵੇਂ ਸੁੱਤਾ ਹੋਵੇ ਜਾਂ ਜਾਗਦਾ, ਜਾਗਦੇ ਕਿਹੜਾ ਪੀੜ ਘੱਟ ਲੱਗੇਗੀ। ਜੋਤਸ਼ੀਆਂ ਨੇ ਧਰਤੀ, ਚੰਦਰਮਾ, ਅਤੇ ਸੂਰਜ ਆਦਿ ਦੇ ਪਿੰਡਾਂ ਨੂੰ ਮਨੁੱਖੀ ਰੂਪ 'ਚ ਕਲਪਿਤ ਕਰਕੇ ਇਹਨਾਂ ਦੇ ਵਿਆਹ ਵਗੈਰਾ ਵੀ ਕਰ ਦਿੱਤੇ। ਜੰਤਰੀ 'ਚ ਹਰ ਮਹੀਨੇ ਲਿਖਿਆ ਹੁੰਦਾ ਹੈ ਗੰਡਮੂਲ ਸ਼ੁਰੂ, ਪੈਂਚਕਾਂ ਖਤਮ। ਕਹਿੰਦੇ ਗੰਡਮੂਲ ਚੰਦਰਮਾ ਦੀਆਂ ਅੱਠ ਪਤਨੀਆਂ ਦਾ ਨਾਂ ਹੈ। ਹੁਣ ਪੜ੍ਹੇ-ਲਿਖੇ ਆਦਮੀ ਸੋਚਣ ਕਿ ਚੰਦਰਮਾ ਤਾਂ ਧਰਤੀ ਵਾਂਗ ਹੀ ਇੱਕ ਵੱਖਰੀ ਧਰਤੀ ਹੈ ਫਿਰ ਉਸਦੀਆਂ ਪਤਨੀਆਂ ਦੀ ਗੱਲ ਇੱਕ ਮੂਰਖਤਾ ਤੇ ਅਗਿਆਨ ਤੋਂ ਵੱਧ ਕੀ ਹੋ ਸਕਦੀ ਹੈ। ਟੇਵੇ ਦਾ ਮਤਲਬ ਹੁੰਦੈ ਅਨੁਮਾਨ (ਅੰਦਾਜ਼ਾ)। ਜੇ ਜੋਤਸ਼ੀ ਦੀ ਕੋਈ ਗੱਲ ਗਲਤ ਹੋ ਜਾਵੇ, ਪੁੱਛਣ ਵਾਲਾ ਕਹਿ ਦੇਵੇ ਕਿ ਤੂੰ ਗਲਤ ਕਹਿ ਰਿਹੈ ਤਾਂ ਜੋਤਸ਼ੀ ਝੱਟ ਕਹਿ ਦਿੰਦੇ ਹਨ ਕਿ ਤੂੰ ਬਾਹਰ 'ਟੇਵਾ' ਲਿਖਿਆ ਨਹੀਂ ਪੜ੍ਹਿਆ। ਜੰਤਰੀਆਂ 'ਚ ਔਲਾਦ ਪੈਦਾ ਕਰਨ ਵਾਲੇ, ਵਿਦਿਆ ਅਤੇ ਮਾਇਆ ਪ੍ਰਾਪਤੀ ਵਾਲੇ ਮੰਤਰ ਲਿਖੇ ਹੋਏ ਹਨ। ਬਕੌਲ ਵਾਰਿਸ਼ ਸ਼ਾਹ "ਮਾਇਆ ਮੰਤਰਾਂ ਨਾਲ ਜੇ ਹੋਵੇ ਇੱਕਠੀ, ਕਾਹਨੂੰ ਮੰਗਦੇ ਫਿਰਨ ਮਦਾਰੀਏ ਨੀ" ਜੋਤਸ਼ੀ ਖੁਦ ਅਨਪੜ੍ਹ-ਜਾਹਿਲ ਅਤੇ ਗਰੀਬ ਕਿਉ ਹੁੰਦੇ ਹਨ ? ਉਹ ਖੁਦ ਵੀ ਮੰਤਰ ਪੜ੍ਹਕੇ ਵਿਦਿਆ ਅਤੇ ਮਾਇਆ ਪ੍ਰਾਪਤ ਕਿਉ ਨਹੀਂ ਕਰਦੇ ? ਇਹ ਅਸਲ ਵਿੱਚ ਇਉ ਹੀ ਹੈ ਜਿਵੇਂ ਕਰੋੜਾਂ ਰੁਪਏ ਦੇ ਸਬਜ਼-ਬਾਗ ਦਿਖਾ ਕੇ ਲਾਟਰੀ ਵਾਲੇ ਪੰਜਾਹ-2 ਰੁਪਏ ਦੇ ਟਿਕਟ ਵੇਚਦੇ ਹਨ। ਜੰਤਰੀਆਂ 'ਚ ਵੱਖ-2 ਰੋਗਾਂ ਲਈ ਵੱਖ-2 ਨਛੱਤਰਾਂ ਦੀ ਕਲਪਨਾਂ ਕੀਤੀ ਗਈ ਹੈ ਅਤੇ ਉਹਨਾਂ ਦੇ ਨਿਵਾਰਨ ਲਈ ਸੋਨਾ-ਚਾਂਦੀ, ਮੱਝ ਆਦਿ ਦਾਨ ਕਰਨ ਦੀਆਂ ਗੱਲਾਂ ਕਹੀਆਂ ਗਈਆਂ ਹਨ। ਇੱਕ ਥਾਂ ਲਿਖਿਆ ਗਿਆ ਹੈ ਕਿ ਐਤਵਾਰ ਨੂੰ ਕੇਸੀ ਇਸ਼ਨਾਨ ਕਰਨ ਨਾਲ ਉਮਰ ਘੱਟਦੀ ਹੈ। ਇਸ ਫਜ਼ੂਲ ਗੱਲ ਦਾ ਕੋਈ ਕੀ ਜਵਾਬ ਦੇਵੇ। ਹਰ ਮਹੀਨੇ ਅਕਾਸ਼ ਲੱਛਣਾਂ 'ਚ ਲਿਖਿਆ ਹੈ ਕਿ ਫਲਾਣੇ ਗ੍ਰਹਿ ਦੇ ਉਦੈ ਹੋਣ ਨਾਲ ਚੰਗੀ ਵਰਖਾ ਹੋਵੇਗੀ। ਇਹ ਹੁਣ ਦੂਜੀ ਜਮਾਤ ਵਾਲੇ ਬੱਚੇ ਵੀ ਜਾਣਦੇ ਹਨ ਕਿ ਵਰਖਾ ਦਾ ਸਬੰਧ ਸਮੁੰਦਰ 'ਚ ਉਡ ਰਹੇ ਜਲ-ਵਾਸ਼ਪ ਅਤੇ ਮੌਨਸੂਨ ਨਾਲ ਹੈ ਨਾ ਕਿ ਕਿਸੇ ਗ੍ਰਹਿ ਨਾਲ। ਫਿਰ ਲਿਖਦੇ ਹਨ ਸੂਰਜ ਫਲਾਣੀ ਰਾਸ਼ੀ 'ਚ ਪ੍ਰਵੇਸ਼ ਕਰੇਗਾ ਅਤੇ ਫਲਾਂ ਚੀਜ਼ਾਂ ਮਹਿੰਗੀਆਂ ਜਾਂ ਸਸਤੀਆਂ ਹੋਣਗੀਆਂ। ਰਾਸ਼ੀਆਂ ਸਾਰੀਆਂ ਹੀ ਮਨੋਕਲਪਿਤ ਹਨ। ਸੂਰਜ ਗ੍ਰਹਿ ਨਹੀਂ ਤਾਰਾ ਹੈ, ਚੰਦਰਮਾ ਗ੍ਰਹਿ ਨਹੀਂ ਉਪਗ੍ਰਹਿ ਹੈ। ਰਾਹੂ, ਕੇਤੂ ਕਲਪਿਤ ਬਿੰਦੂ ਹਨ ਜਿੰਨ੍ਹਾਂ ਦੀ ਕੋਈ ਹੋਂਦ ਨਹੀਂ। ਨੌਂ ਗ੍ਰਹਿ ਰਤਨ, ਮਾਣਕ, ਮੋਤੀ, ਮੂੰਗਾ, ਪੁਖਰਾਜ, ਨੀਲਮ ਆਦਿ ਦੇ ਗੁਣ-ਔਗੁਣ ਕੋਰੀ ਕਲਪਨਾ ਹਨ। ਮੂੰਗੇ ਦੀ ਪਹਿਚਾਣ ਨਾਲ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਹੋ ਸਕਦੀ। ਥਾਂ-2 ਸ਼ਨੀ ਦੀ ਸਾੜਸਤੀ ਸ਼ੁਰੂ ਹੋਣ ਦੀ ਗੱਲ ਕੀਤੀ ਗਈ ਹੈ ਇਹ ਬਿਲਕੁਲ ਹੀ ਝੂਠ ਹੈ। ਸ਼ਨੀ ਗ੍ਰਹਿ ਧਰਤੀ ਤੋਂ ਕਈ ਗੁਣਾਂ ਵੱਡਾ ਹੈ ਅਤੇ ਇਸਦੇ ਅੱਗੇ ਕਈ ਉਪਗ੍ਰਹਿ ਹਨ। ਇਹ ਧਰਤੀ ਤੋਂ ਇੰਨਾ ਜ਼ਿਆਦਾ ਦੂਰ ਹੈ ਕਿ ਇਸਦਾ ਧਰਤੀ ਤੇ ਅਸਰ ਹੋਣ ਦਾ ਕੋਈ ਮਤਲਬ ਨਹੀਂ। ਸਿਰਫ ਚੰਦਰਮਾਂ ਧਰਤੀ ਦੇ ਇੰਨਾਂ ਜ਼ਿਆਦਾ ਨੇੜੇ ਹੈ ਕਿ ਇਸਦੀ ਵਜ੍ਹਾ ਨਾਲ ਸਮੁੰਦਰ ਵਿੱਚ ਜਵਾਰਭਾਟਾ ਆਉਂਦਾ ਹੈ ਪਰ ਕਿਸੇ ਰਾਸ਼ੀ ਵਿਸ਼ੇਸ਼ ਵਾਲੇ ਚੰਦਰਮਾਂ ਦਾ ਕੋਈ ਵੱਖਰਾ ਅਸਰ ਨਹੀਂ ਪੈਂਦਾ। ਰਾਸ਼ੀ ਦਾ ਕੀ ਹੈ, ਨਾਂ ਬਦਲ ਗਿਆ ਰਾਸ਼ੀ ਬਦਲ ਗਈ। ਫਿਰ ਦੁਨੀਆਂ 'ਚ ਹਜ਼ਾਰਾਂ ਭਾਸ਼ਾਵਾਂ ਹਨ, ਹਰ ਭਾਸ਼ਾ 'ਚ ਰਾਸ਼ੀ ਵੀ ਵੱਖਰੀ ਹੋਵੇਗੀ। ਅਸਲ ਵਿਚ ਰਾਸ਼ੀਆਂ ਵੀ ਸੈਤਾਨ ਦਿਮਾਗ ਦੀ ਕਾਢ ਹੈ। ਜੋ ਬਿਨਾਂ ਕੰਮ ਕਰਿਆਂ ਵਿਹਲੇ ਰਹਿ ਕੇ ਲੋਕਾਂ ਨੂੰ ਠੱਗ ਕੇ ਐਸ਼ ਕਰਨੀ ਚਾਹੁੰਦੇ ਹਨ। ਜਨਮ-ਕੁੰਡਲੀ ਕੀ ਹੈ?-ਜਨਮ-ਕੁੰਡਲੀ ਆਕਾਸ਼ ਦੇ ਨੱਛਤਰਾਂ ਤੇ ਗ੍ਰਹਿਆਂ ਦਾ ਇੱਕ ਨਕਸ਼ਾ ਹੈ ਜੋ ਦੱਸਦੀ ਹੈ ਕਿ ਜਿਸ ਵੇਲੇ ਤੁਸੀ ਜਨਮ ਲਿਆ ਉਦੋਂ ਤੁਹਾਡੇ ਜਨਮ ਸਥਾਨ ਤੋਂ ਅਸਮਾਨ ਵਿਚ ਚੱਕਰ ਕੱਟਦੇ ਗ੍ਰਹਿ ਆਦਿ ਕਿਸ ਕੋਣਿਕ ਸਥਿਤੀ ਵਿਚ ਸਨ। ਧਰਤੀ ਸੂਰਜ ਦੁਆਲੇ ਘੁੰਮਦੀ ਹੋਣ ਕਾਰਨ ਹਰ ਪਲ ਉਪਰਲੇ ਤਾਰਿਆਂ ਤੇ ਗ੍ਰਹਿਆਂ ਦੀ ਸੇਧ ਬਦਲਦੀ ਰਹਿੰਦੀ ਹੈ। ਜਨਮ ਕਾਲ ਵਿਚ ਅਕਾਸ਼ ਦੀ ਸਥਿਤੀ ਲੱਭਣ ਲਈ ਜੋਤਿਸ਼ੀ ਆਚਾਰੀਆਂ ਨੇ ਸੱਖਣੇ ਪੁਲਾੜ ਨੂੰ 12 ਹਿਸਿਆਂ ਵਿੱਚ ਵੰਡਿਆ ਹੋਇਆ ਸੀ। ਖ਼ਾਲੀ ਥਾਂ ਦੀ ਵੰਡ ਨਿਸ਼ਚਿਤ ਰਹਿ ਨਹੀਂ ਸਕਦੀ ਇਸ ਲਈ ਉਸ ਖ਼ਾਲੀ ਥਾਂ ਤੋਂ ਪਰ੍ਹਾਂ ਦਿਸਦੀਆਂ ਚੀਜ਼ਾਂ ਦੀ ਸੇਧ ਲੈਕੇ ਫਰਜ਼ੀ ਵੰਡ ਮਿਥ ਲਈ ਜਾਂਦੀ ਹੈ। ਅਸਮਾਨ ਵਿੱਚ ਲਕੀਰਾਂ ਨਹੀਂ ਵਾਹੀਆਂ ਜਾ ਸਕਦੀਆਂ ਇਸ ਲਈ ਆਕਾਸ਼ੀ ਗੋਲੇ ਦੇ ਫਰਜ਼ੀ ਟੁਕੜੇ ਕਰਨ ਲਈ ਕੁਝ ਕੁ ਤਾਰਾ ਸਮੂਹਾਂ ਦੀ ਸੇਧ ਮੰਨ ਲਈ ਗਈ ਹੈ। ਇਹਨਾਂ ਤਾਰਾਂ ਝੁੰਡਾਂ ਦੀ ਆਪਸ ਵਿਚ ਬਰਾਬਰ ਵਿੱਥ ਨਹੀਂ ਜੋ ਇਹ 30 ਡਿਗਰੀ ਉੱਤੇ ਹੀ ਆਉਣ। ਸਿਰਫ ਇਹ 30 ਡਿਗਰੀ ਪੰਧ ਦੇ ਅੰਦਰ-2 ਹੀ ਕਿਤੇ ਵੀ ਸਬੰਧਿਤ ਹਨ। ਜਿਹੋ ਜਿਹੀ ਉਹਨਾਂ ਸੇਧ ਵਾਲੇ ਤਾਰਾਂ ਝੁੰਡਾਂ ਵੱਲ ਦੇਖ ਕੇ ਕਾਲਪਨਿਕ ਜਿਹੀ ਸ਼ਕਲ ਬਣਦੀ ਦਿਸੇ ਉਹੀ ਉਸ ਆਕਾਸ਼ੀ ਭਾਗ ਦਾ ਰਾਸ਼ੀ ਨਾਮ ਹੈ, ਉਦਾਹਰਣ ਵਜੋਂ

ਤੁਲਾ ਰਾਸ਼ੀ ਦੇ ਤਾਰੇ ਤੱਕੜੀ ਵਰਗੀ ਸ਼ਕਲ ਬਣਾਉਂਦੇ ਜਾਪਦੇ ਹਨ ਮਿਥੁਨ ਦਾ ਅਰਥ ਹੈ ਸੰਭੋਗ, ਇਸ ਭਾਗ ਦੇ ਤਾਰੇ ਜੋ ਸ਼ਕਲ ਉਭਾਰਦੇ ਹਨ ਉਹ ਇੰਝ ਹੈ ਜਿਵੇਂ ਕੋਈ ਨਰ ਅਤੇ ਨਾਰੀ ਬਰੋਬਰਾਬਰ ਲੰਮੇ ਪੈਕੇ ਜੁੜੇ ਹੋਏ ਹੋਣ। ਕੁਝ ਤਾਰਿਆਂ ਨੂੰ ਰੇਖਾਵਾਂ ਨਾਲ ਜੋੜ ਕੇ ਸ਼ੇਰ ਵਰਗੀ ਸ਼ਕਲ ਬਣ ਜਾਵੇਗੀ ਸ਼ੇਰ ਅਰਥਾਤ ਸਿੰਘ। ਇਸੇ ਤਰ੍ਹਾਂ ਕਰਾਂਤੀ ਮਾਰਗ ਵਿਚ ਪੈਂਦੇ ਤਾਰੇ ਕੁੜੀ ਕੁਆਰੀ ਦੀ ਸ਼ਕਲ ਪ੍ਰਗਟਾਉਂਦੇ ਹਨ ਉਹ ਕੰਨਿਆਂ ਰਾਸ਼ੀ ਕਹਾਉਦੇ ਹਨ। ਆਪਾਂ ਅਸਲੀ ਸਵਾਲ ਵੱਲ ਮੁੜੀਏ। ਜਿਸ ਘੜੀ ਤੁਹਾਡਾ ਜਨਮ ਹੋਇਆ ਉਦੋਂ ਸੂਰਜ ਅਤੇ ਚੰਨ ਕਿਸ ਆਕਾਸ਼ੀ ਖੰਡ ਵਿਚ ਸਨ, ਇਹ ਤਾਂ ਉਸ ਖੰਡ ਦੇ ਨਾਂ ਤੋਂ ਪਤਾ ਚੱਲ ਜਾਵੇਗਾ। ਅਗਾਂਹ ਹੋਰ ਵੀ ਬਾਰੀਕੀ ਲਈ ਹਰ ਰਾਸ਼ੀ ਖੰਡ ਦੇ ਅੱਗੇ ਨੌਂ ਭਾਗ ਕਰ ਦਿੱਤੇ ਗਏ ਹਨ ਤਾਂ ਜੋ ਘੜੀ ਵੇਲੇ ਆਕਾਸ਼ੀ ਸਥਿਤੀ ਹੋਰ ਸਪੱਸ਼ਟ ਹੋ ਸਕੇ। ਇਉ ਸਾਰੇ ਅਸਮਾਨ ਨੂੰ 108 ਭਾਗਾਂ ਵਿੱਚ ਵੰਡਿਆਂ ਗਿਆ ਹੈ। ਇਤਨੇ ਭਾਗਾਂ ਦੇ ਨਾਂ ਰੱਖਣੇ ਮੁਸ਼ਕਿਲ ਹੋਣ ਕਾਰਨ ਹਰ ਚਰਣ ਦੀ ਪਛਾਣ ਲਈ ਕੇਵਲ ਸੰਸਕ੍ਰਿਤੀ ਦੀਆਂ 108 ਧੁਨੀਆਂ ਲੈਕੇ ਹਰ ਚਰਣ ਦੀ ਪਛਾਣ ਇੱਕ ਧੁਨੀ ਨਾਲ ਕੀਤੀ ਜਾਣ ਲੱਗੀ। ਉਸੇ ਹਿਸਾਬ ਨਾਲ ਜਨਮ ਘੜੀ ਵੇਲੇ ਧਰਤੀ ਜਿਸ ਚਰਨ ਵਿਚ ਹੋਵੇ ਜੋਤਿਸ਼ੀਆਂ ਨੇ ਆਪਣੀ ਆਸਾਨੀ ਵਾਸਤੇ ਸੰਬੰਧਤ ਚਰਨ ਵਾਲੀ ਧੁਨੀ ਉਤੇ ਹੀ ਵਿਅਕਤੀ ਦਾ ਨਾਮ ਰੱਖਣ ਦੀ ਤਜਵੀਜ਼ ਰੱਖ ਦਿੱਤੀ। ਤੁਹਾਡੇ ਨਾਮ ਨਾਲ ਤੁਹਾਡੀ ਰਾਸ਼ੀ ਤਦ ਹੀ ਜੁੜੇਗੀ ਜੇ ਤੁਹਾਡਾ ਨਾਮ ਆਕਾਸ਼ੀ ਸਥਿਤੀ ਦੇਖ ਕੇ ਰੱਖਿਆ ਗਿਆ ਹੋਵੇ। ਕਿਸੇ ਦੀ ਵੀ ਰਾਸ਼ੀ ਉਹਦੇ ਨਾਂ ਤੋਂ ਨਹੀਂ ਬਣਦੀ ਸਗੋਂ ਜੇ ਨਾਮ ਰੱਖਣ ਵੇਲੇ ਮਾਪੇ ਚਾਹੁਣ ਤਾਂ ਉਸ ਦੀ ਜੰਮਣ ਰਾਸ਼ੀ ਦੇ ਚਰਨ ਤੋਂ ਨਾਮ ਜ਼ਰੂਰ ਰੱਖ ਸਕਦੇ ਹਨ। ਹੁਣ ਦੱਸੋ ਤੁਹਾਡੇ ਵਿੱਚੋਂ ਕਿੰਨਿਆਂ ਕੁ ਨੂੰ ਆਪਣੀ ਰਾਸ਼ੀ ਦਾ ਪਤਾ ਹੈ? ਇਸ ਤਰ੍ਹਾਂ ਪਿੰਡ ਵਿਚ ਫਿਰਦੇ ਉਹ ਪਾਂਡੇ ਵੀ ਕੁੱਟ ਖਾਣ ਦੇ ਹੱਕਦਾਰ ਹਨ ਜੋ ਹੱਥ ਵੇਖਣ ਲੱਗੇ ਤੁਹਾਡਾ ਨਾਮ ਪੁੱਛ ਕੇ ਤੁਹਾਡੀ ਰਾਸ਼ੀ ਦੱਸਦੇ ਹਨ, ਇਹਨਾਂ ਬੇਵਕੂਫਾਂ ਨੂੰ ਆਪਣੇ ਖੇਤਰ ਦਾ ਹੀ ਗਿਆਨ ਨਹੀਂ ਹੈ। ਇਸ ਲੇਖ ਤੋਂ ਤੁਸੀ ਇਹ ਨਾਂ ਸਮਝ ਲੈਣਾ ਕਿ ਤੁਹਾਡੀ ਰਾਸ਼ੀ (ਭਾਵੇਂ ਅਸਲ ਹੀ ਹੋਵੇ) ਦਾ ਤੁਹਾਡੇ ਨਾਲ ਕੋਈ ਸਬੰਧ ਵਾਕਿਆ ਹੀ ਹੁੰਦਾ ਹੈ। ਕਿਸੇ ਦੀ ਵੀ ਕਿਸਮਤ ਜੋਤਿਸ਼ ਰਾਹੀਂ ਬੁੱਝਣ ਦਾ ਦਾਅਵਾ ਕਰਨ ਵਾਲਾ ਬਕਵਾਸ ਕਰਦਾ ਹੈ। ਅੱਜ ਦੇ ਯੁੱਗ ਵਿੱਚ ਅਜਿਹੇ ਆਦਮੀ ਨੂੰ ਫਰਾਡ ਦੇ ਦੋਸ਼ 'ਚ ਜੇਲ੍ਹ ਭੇਜਣਾ ਚਾਹੀਦਾ ਹੈ ਪਰ ਕਿਉਂਕਿ ਹਾਕਮ ਜਮਾਤਾਂ ਦੀ ਲੋੜ ਹੈ ਇਸ ਲਈ ਇਹ ਗੈਰ ਵਿਗਿਆਨਕ ਅਤੇ ਗੈਰ ਸੰਵਿਧਾਨਕ ਵਰਤਾਰਾ ਸ਼ਰੇਆਮ ਵਧ ਫੁੱਲ ਰਿਹਾ ਹੈ।

ਅਮਰਜੀਤ ਢਿੱਲੋਂ 75 ਵਾਟਰ ਰਿੱਜ ਪੱਥ ਵਿਨੀਪੈਗ ( ਮੈਨੀਟੋਬਾ) ਕੈਨੇਡਾ। ਮੋਬਾ: 431 374 6646

# ਪੰਜ-ਆਬ ਤੋਂ ਬੇ-ਆਬ ਵੱਲ ਵਧਦਾ ਪੰਜਾਬ

-ਡਾ. ਬਲਵਿੰਦਰ ਸਿੰਘ ਸਿੱਧੂ

ਪੰਜਾਬ ਪੰਜਾਂ ਦਰਿਆਵਾਂ ਦੀ ਧਰਤੀ ਨੇ ਦੇਸ਼ ਦੀ ਵੰਡ ਸਮੇਂ ਪਾਣੀਆਂ ਦੀ ਵੰਡ ਦਾ ਸੰਤਾਪ ਵੀ ਹੰਢਾਇਆ ਸੀ। ਸਾਲ 1960 ਦੇ ਇੰਡਸ ਵਾਟਰ ਸਮਝੌਤੇ ਰਾਹੀਂ ਜੇਹਲਮ ਅਤੇ ਚਨਾਬ ਦਾ ਪਾਣੀ ਪਾਕਿਸਤਾਨ ਨੂੰ ਦੇ ਦਿੱਤਾ ਗਿਆ, ਪ੍ਰੰਤੂ ਇਸ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਸਾਲ 1955 ਵਿੱਚ ਕੇਂਦਰ ਸਰਕਾਰ ਵੱਲੋਂ ਕੀਤੇ ਇਕ ਫੈਸਲੇ ਰਾਹੀਂ ਰਾਜ ਕੋਲ ਜਿੰਨਾ ਪਾਣੀ ਸੀ, ਉਸ ਵਿੱਚੋਂ 80 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਗਿਆ। ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਸਮੇਂ ਭਾਵੇਂ ਬਾਕੀ ਸਾਰੇ ਸੰਪਤੀ ਤੇ ਵਸੀਲੇ 60-40 ਦੀ ਅਨੁਪਾਤ ਵਿੱਚ ਪੰਜਾਬ ਅਤੇ ਹਰਿਆਣਾ ਵਿੱਚ ਵੰਡੇ ਗਏ, ਪਰ ਪੰਜਾਬ ਦੇ ਤਕਰੀਬਨ 72 ਲੱਖ ਏਕੜ ਫੁੱਟ ਪਾਣੀ ਵਿੱਚੋਂ 35 ਲੱਖ ਏਕੜ ਫੁੱਟ ਹਰਿਆਣਾ ਨੂੰ ਅਤੇ ਦੋ ਲੱਖ ਏਕੜ ਫੁੱਟ ਦਿੱਲੀ ਨੂੰ ਦੇ ਦਿੱਤਾ ਗਿਆ। ਇਸ ਤਰ੍ਹਾਂ ਪੰਜ-ਆਬ ਵਾਲਾ ਪੰਜਾਬ ਹੌਲੀ-ਹੌਲੀ ਇਕ ਆਬ ਰਹਿ ਗਿਆ ਅਤੇ ਇਸ ਸਮੇਂ ਇਸ ਨੂੰ ਦਰਿਆਈ ਪਾਣੀਆਂ ਵਿੱਚੋਂ ਮਿਲ ਰਿਹਾ ਹਿੱਸਾ ਤਕਰੀਬਨ ਸਤਲੁਜ ਦਰਿਆ ਵਿੱਚ ਵਹਿ ਰਹੇ ਪਾਣੀ ਦੇ ਬਰਾਬਰ ਹੈ। ਦਰਿਆਵਾਂ ਵਿੱਚ ਘੱਟ ਰਹੇ ਪਾਣੀ ਦੇ ਵਹਾਅ, ਇਸ ਦੇ ਪ੍ਰਦੂਸ਼ਣ ਅਤੇ ਖੇਤੀ ਦੇ ਨਾਲ ਹੋਰ ਮੰਤਵਾਂ ਲਈ ਵਧ ਰਹੀ ਪਾਣੀ ਦੀ ਮੰਗ ਕਾਰਨ ਪਾਣੀ ਦਾ ਸੰਕਟ ਦਿਨੋਂ-ਦਿਨ ਗੰਭੀਰ ਹੁੰਦਾ ਜਾ ਰਿਹਾ ਹੈ।

ਖੇਤੀ ਖੇਤਰ ਵਿੱਚ ਵੀ ਹਰੀ ਕ੍ਰਾਂਤੀ ਤੋਂ ਬਾਅਦ ਰਾਜ ਵਿੱਚ ਫਸਲੀ ਘਣਤਾ ਲਗਾਤਾਰ ਵਧਣ ਕਰਕੇ ਸਿੰਜਾਈ ਲਈ ਪਾਣੀ ਦੀ ਮੰਗ ਵਿੱਚ ਵਾਧਾ ਹੋਇਆ ਤੇ ਇਸ ਮੰਤਵ ਲਈ ਪਹਿਲਾਂ ਖੂਹਾਂ ਅਤੇ ਫਿਰ ਟਿਊਬਵੈਲਾਂ ਰਾਹੀਂ ਜ਼ਮੀਨਦੋਜ਼ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਗਿਆ। ਟਿਊਬਵੈਲ ਰਾਹੀਂ ਸਿੰਜਾਈ ਯੋਗ ਪਾਣੀ ਫਸਲ ਦੀ ਲੋੜ ਅਨੁਸਾਰ ਅਤੇ ਸਮੇਂ ਸਿਰ ਹਾਸਲ ਹੋਣ ਕਰਕੇ ਇਕ ਤਾਂ ਕਿਸਾਨਾਂ ਨੇ ਇਸ ਦੀ ਵਰਤੋਂ ਨੂੰ ਪਹਿਲ ਦਿੱਤੀ ਤੇ ਦੂਜਾ ਦੇਸ਼ ਦੀ ਅੰਨ ਸੁਰੱਖਿਆ ਦੀ ਲੋੜ ਨੇ ਕਿਸਾਨਾਂ ਨੂੰ ਝੋਨੇ ਦੀ ਫਸਲ ਹੇਠ ਰਕਬਾ ਵਧਾਉਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਸੂਬੇ ਵਿੱਚ ਝੋਨੇ ਹੇਠ ਰਕਬਾ ਜੋ ਸਾਲ 1965-66 ਵਿੱਚ ਤਕਰੀਬਨ ਤਿੰਨ ਲੱਖ ਹੈਕਟੇਅਰ ਸੀ, ਅੱਜ 30 ਲੱਖ ਹੈਕਟੇਅਰ ਤੋਂ ਵੱਧ ਹੋ ਗਿਆ ਹੈ। ਇਸ ਦੀ ਸਿੰਜਾਈ ਲਈ ਟਿਊਬਵੈਲਾਂ ਦੀ ਗਿਣਤੀ ਵਧ ਕੇ 14.50 ਲੱਖ ਹੋ ਗਈ ਹੈ। ਨਤੀਜੇ ਵਜੋਂ ਜ਼ਮੀਨਦੋਜ਼ ਪਾਣੀ ਦੀ ਸਤ੍ਹਾ ਲਗਾਤਾਰ ਹੇਠਾਂ ਡਿੱਗ ਰਹੀ ਹੈ ਅਤੇ ਇਸ ਸਮੇਂ ਇਹ ਪੰਜਾਬ ਲਈ ਔਸਤਨ ਧਰਤੀ ਦੀ ਸਤਹਿ ਤੋਂ 130 ਫੁੱਟ ਹੇਠਾਂ ਹੈ। ਇਸ ਸਮੇਂ ਰਾਜ ਦੇ 142 ਵਿਕਾਸ ਖੰਡਾਂ (ਬਲਾਕਾਂ) ਵਿੱਚੋਂ 111 ਵਿੱਚ ਜ਼ਮੀਨਦੋਜ਼ ਪਾਣੀ ਦੀ ਸਥਿਤੀ ਬਹੁਤਾ ਪਾਣੀ ਕੱਢਣ ਕਰਕੇ ਅਤਿ ਗੰਭੀਰ ਹੈ। ਇਨ੍ਹਾਂ ਵਿੱਚ 28 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ 200 ਫੀਸਦੀ ਤੋਂ ਵੱਧ ਹੈ ਭਾਵ ਇਨ੍ਹਾਂ ਵਿੱਚ ਧਰਤੀ ਵਿੱਚ ਪਾਣੀ ਦੇ ਸਾਲਾਨਾ ਰਿਸਾਅ ਨਾਲੋਂ ਦੁੱਗਣਾ ਪਾਣੀ ਕੱਢਿਆ ਜਾ ਰਿਹਾ ਹੈ।

ਕੇਂਦਰੀ ਭੂ ਜਲ ਬੋਰਡ ਵੱਲੋਂ ਲਾਏ ਅੰਦਾਜ਼ਿਆਂ ਅਨੁਸਾਰ ਸੂਬੇ ਵਿੱਚ ਸਤਿਹੀ ਪਾਣੀ ਤੇ ਜ਼ਮੀਨਦੋਜ਼ ਪਾਣੀ ਦੀ ਕੁੱਲ ਸਾਲਾਨਾ ਉਪਲੱਬਧਤਾ ਤਕਰੀਬਨ 375 ਲੱਖ ਏਕੜ ਫੁੱਟ ਹੈ, ਜਦੋਂ ਕਿ ਰਾਜ ਵਿੱਚ ਖੇਤੀ ਅਤੇ ਹੋਰ ਖੇਤਰਾਂ ਦੀ ਪਾਣੀ ਦੀ ਅੰਦਾਜ਼ਨ ਸਾਲਾਨਾ ਮੰਗ ਤਕਰੀਬਨ 500 ਲੱਖ ਏਕੜ ਫੁੱਟ ਹੈ। ਇਸ ਤਰ੍ਹਾਂ ਪਾਣੀ ਦੀ ਮੰਗ ਦੀ ਪੂਰਤੀ ਲਈ ਹਰ ਸਾਲ ਤਕਰੀਬਨ 125 ਲੱਖ ਏਕੜ ਫੁੱਟ ਪਾਣੀ ਜ਼ਮੀਨ ਵਿੱਚੋਂ ਵਾਧਾ ਕੱਢਿਆ ਜਾ ਰਿਹਾ ਹੈ। ਇਸੇ ਏਜੰਸੀ ਵੱਲੋਂ ਪੰਜਾਬ ਵਿੱਚ 300 ਮੀਟਰ ਦੀ ਡੂੰਘਾਈ ਤੱਕ ਉਪਲੱਬਧ ਪਾਣੀ ਦੀ ਮਾਤਰਾ ਦੇ ਤਕਰੀਬਨ 250 ਲੱਖ ਏਕੜ ਫੁੱਟ ਦੇ ਅੰਦਾਜ਼ੇ ਲਗਾਏ ਗਏ ਹਨ। ਇਸ ਤਰ੍ਹਾਂ ਸੂਬੇ ਵਿੱਚ ਪਾਣੀ ਦੀ ਵਰਤੋਂ ਦੀ ਸਥਿਤੀ ਵਿੱਚ ਜੇ ਕੋਈ ਵੱਡੀ ਤਬਦੀਲੀ ਨਹੀਂ ਹੁੰਦੀ ਤਾਂ ਸੂਬੇ ਕੋਲ ਤਕਰੀਬਨ 20-25 ਸਾਲ ਵਾਸਤੇ ਹੋਰ ਪਾਣੀ ਉਪਲੱਬਧ ਹੋਵੇਗਾ।

ਪਾਣੀ ਦੀ ਉਪਲੱਬਧਤਾ ਦੇ ਨਾਲ ਇਕ ਹੋਰ ਮੁੱਦਾ ਪਾਣੀ ਦੇ ਪ੍ਰਦੂਸ਼ਿਤ ਹੋਣ ਦਾ ਬਣ ਰਿਹਾ ਹੈ। ਆਬਾਦੀ ਦੇ ਵਾਧੇ ਅਤੇ ਸਨਅਤੀ ਵਿਕਾਸ ਕਰਕੇ ਘਰੇਲੂ ਅਤੇ ਉਦਯੋਗਿਕ ਖੇਤਰਾਂ ਵਿੱਚ ਵੀ ਪਾਣੀ ਦੀ ਮੰਗ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਪਾਣੀ ਦੀ ਦੁਰਵਰਤੋਂ ਵਧੀ ਹੈ। ਦਰਿਆਵਾਂ ਅਤੇ ਨਦੀਆਂ ਦੇ ਕਿਨਾਰਿਆਂ ਤੇ ਵਸੇ ਪਿੰਡ, ਸ਼ਹਿਰ, ਮਹਾਂਨਗਰ ਢੇਰਾਂ ਦੇ ਢੇਰ ਗੰਦਗੀ ਇਨ੍ਹਾਂ ਨਦੀਆਂ ਵਿੱਚ ਸੁੱਟੀ ਜਾਂਦੇ ਹਨ, ਜਿਸ ਨੇ ਇਨ੍ਹਾਂ ਦੇ ਪਾਣੀ ਨੂੰ ਪਲੀਤ ਕਰ ਦਿੱਤਾ ਹੈ। ਫੈਕਟਰੀਆਂ ਦੇ ਜ਼ਹਿਰੀਲੇ ਪਾਣੀ ਨਦੀਆਂ ਨਾਲਿਆਂ ਵਿੱਚ ਰਸਾਇਣਕ ਪ੍ਰਦੂਸ਼ਣ ਭਾਵ ਕੈਲਸ਼ੀਆਂ, ਮੈਗਨੀਸ਼ੀਅਮ, ਲੋਹਾ, ਲੂਣ ਅਤੇ ਹੋਰ ਤੱਤ ਮਿਲਾ ਰਹੇ ਹਨ। ਇਸ ਤੋਂ ਇਲਾਵਾ ਪਿੰਡਾਂ ਵਿੱਚ ਮਲਮੂਤਰ ਤੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਨਾ ਹੋਣ ਕਰਕੇ ਇਹ ਛੱਪੜਾਂ ਵਿੱਚ ਇਕੱਠਾ ਹੋ ਜਾਂਦਾ ਹੈ ਤੇ ਇਸ ਦੇ ਰਿਸਾਅ ਨਾਲ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਿਤ ਹੋ ਰਿਹਾ ਹੈ। ਰਾਜ ਵਿੱਚ ਜ਼ਿਆਦਾ ਫਸਲ ਪੈਦਾ ਕਰਨ ਦੇ ਚੱਕਰ ਵਿੱਚ ਕੀਤੀ ਜ਼ਹਿਰਾਂ ਤੇ ਰਸਾਇਣਕ ਖਾਦਾਂ ਦੀ ਲੋੜ ਤੋਂ ਵੱਧ ਵਰਤੋਂ ਨੇ ਵੀ ਧਰਤੀ ਹੇਠਲਾ ਪਾਣੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਇਸ ਤਰ੍ਹਾਂ ਮਨੁੱਖ ਨੇ ਆਪਣੀ ਬੇਸਮਝੀ ਤੇ ਖੁਦਗਰਜ਼ੀ ਕਾਰਨ ਪਾਣੀ ਨੂੰ ਅੰਮ੍ਰਿਤ ਤੋਂ ਜ਼ਹਿਰ ਬਣਾ ਦਿੱਤਾ ਹੈ। ਰਾਜ ਵਿੱਚ ਬਹੁਤੇ ਨਲਕਿਆਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ ਅਤੇ ਅਣਜਾਣੇ ਵਿੱਚ ਇਸ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਪੇਂਡੂ ਇਲਾਕਿਆਂ ਵਿੱਚ ਹੈਜ਼ਾ, ਟਾਈਫਾਈਡ, ਮਲੇਰੀਆ, ਹੈਪੇਟਾਈਟਸ ਅਤੇ ਕੈਂਸਰ ਵਰਗੇ ਭਿਆਨਕ ਰੋਗ ਪੈਦਾ ਕਰ ਰਹੀ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵੇਰਵਿਆਂ ਅਨੁਸਾਰ (ਸਤੰਬਰ 2018) ਜੋ ਵੱਖ-ਵੱਖ ਰਾਜਾਂ ਦੀਆਂ ਪ੍ਰਦੂਸ਼ਣ ਮੋਨਿਟਰਿੰਗ ਏਜੰਸੀਆਂ ਰਾਹੀਂ ਇਕੱਤਰ ਕੀਤੇ ਗਏ ਹਨ, ਦੇਸ਼ ਦੇ ਸਤਿਹੀ ਪਾਣੀ ਦੇ 90 ਫੀਸਦੀ ਸਮੇਂ ਭਾਵ ਨਦੀਆਂ, ਨਾਲੇ, ਤਲਾਅ ਤੇ ਟੋਭੇ ਪ੍ਰਦੂਸ਼ਣ ਨਾਲ ਪ੍ਰਭਾਵਿਤ ਹਨ ਤੇ ਇਨ੍ਹਾਂ ਵਿੱਚੋਂ ਬਹੁਤੇ ਪੂਰ ਦਿੱਤੇ ਗਏ ਜਾਂ ਇਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਲਏ ਗਏ ਹਨ। ਦੂਜੇ ਪਾਸੇ ਜ਼ਮੀਨਦੋਜ਼ ਪਾਣੀ ਦੇ ਸੋਮਿਆਂ ਦੀ ਮਨੁੱਖੀ ਅਤੇ ਉਦਯੋਗਿਕ ਇਕਾਈਆਂ ਵੱਲੋਂ ਮਲੀਨਤਾ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਜਦੋਂ ਕਿ ਇਨ੍ਹਾਂ ਸੋਮਿਆਂ ਦੀ ਮੁੜ ਸੁਰਜੀਤੀ ਲਗਭਗ ਅਸੰਭਵ ਹੈ। ਇਸ ਲਈ ਮਿਆਰੀ ਪੀਣਯੋਗ ਪਾਣੀ ਦੀ ਉਪਲੱਬਧਤਾ ਦੇ ਪੱਖ ਤੋਂ ਵੀ ਪੰਜਾਬ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

ਪਾਣੀ ਦੇ ਸਬੰਧ ਵਿੱਚ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਵੀ ਸਥਿਤੀ ਬਹੁਤੀ ਸੁਖਾਵੀ ਨਹੀਂ। ਦੇਸ਼ ਦੇ 640 ਜ਼ਿਲਿਆਂ ਵਿੱਚੋਂ ਬਹੁਤਿਆਂ ਵਿੱਚ ਪੀਣ ਲਈ ਪਾਣੀ ਦੀ ਸਪਲਾਈ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਕਰਦੀ ਹੈ। ਇਸ ਸਮੇਂ ਇਨ੍ਹਾਂ ਵਿੱਚੋਂ 255 ਜ਼ਿਲਿਆਂ ਦੇ 1593 ਬਲਾਕ ਪਾਣੀ ਦੇ ਗੰਭੀਰ ਸੰਕਟ ਨਾਲ ਪ੍ਰਭਾਵਿਤ ਹਨ। ਕੇਂਦਰ ਸਰਕਾਰ ਵੱਲੋਂ ਇਸ ਮੰਤਵ ਲਈ ਇਕ ਨਵਾਂ ਮਹਿਕਮਾ 'ਜਲ ਸ਼ਕਤੀ ਮੰਤਰਾਲਿਆਂ' ਬਣਾਇਆ ਗਿਆ ਹੈ, ਜਿਸ ਨੇ ਦੇਸ਼ ਵਿੱਚ 'ਬਚਾਓ ਜਲ, ਬਿਹਤਰ ਕਲ' ਦੇ ਪ੍ਰਸੰਗ ਨਾਲ ਇਕ ਜਲ ਸ਼ਕਤੀ ਅਭਿਆਨ ਚਲਾਉਣ ਦਾ ਫੈਸਲਾ ਕੀਤਾ ਹੈ। ਇਹ ਅਭਿਆਨ ਮਾਨਸੂਨ ਰੁੱਤ ਦੌਰਾਨ ਭਾਵ ਇਕ ਜੁਲਾਈ ਤੋਂ 15 ਸਤੰਬਰ ਤੱਕ ਸਾਰਿਆਂ ਰਾਜਾਂ ਵਿੱਚ ਚਲਾਇਆ ਜਾਵੇਗਾ। ਇਸ ਤਹਿਤ ਕੇਂਦਰ ਸਰਕਾਰ ਵੱਲੋਂ ਸੰਯੁਕਤ/ਵਧੀਕ ਸਕੱਤਰ ਦੀ ਪੱਧਰ ਦੇ 255 ਅਧਿਕਾਰੀ ਇਨ੍ਹਾਂ ਜ਼ਿਲਿਆਂ ਵਿੱਚ ਨੋਡਲ ਅਫਸਰ ਲਗਾਏ ਗਏ ਹਨ। ਇਨ੍ਹਾਂ ਤੋਂ ਇਲਾਵਾ ਜ਼ਿਲਾ ਪੱਧਰੀ ਟੀਮ ਵਿੱਚ ਸਬੰਧਤ ਜ਼ਿਲੇ ਦੇ ਡਿਪਟੀ ਕਮਿਸ਼ਨਰ ਵੱਲੋਂ ਮਿਥੇ ਦੋ ਅਧਿਕਾਰੀ ਅਤੇ ਕੌਮੀ ਪੱਧਰ ਦੀਆਂ ਸੰਸਥਾਵਾਂ ਦੇ ਦੋ ਅਧਿਕਾਰੀ ਸ਼ਾਮਲ ਕੀਤੇ ਜਾਣਗੇ। ਇਸ ਦੌਰਾਨ ਇਹ ਪੰਜ ਮੈਂਬਰੀ ਟੀਮ ਅਲਾਟ ਕੀਤੇ ਗਏ ਪਿੰਡਾਂ ਦੇ ਤਿੰਨ ਰੋਜ਼ਾ ਤਿੰਨ ਦੌਰੇ ਕਰੇਗੀ। ਇਸ ਵਿੱਚ ਪਾਣੀ ਦੀ ਸੰਭਾਲ ਅਤੇ ਮੀਂਹ ਦੇ ਪਾਣੀ ਦਾ ਸੰਗ੍ਰਹਿਣ, ਕੁਦਰਤੀ ਜਲ ਇਕਾਈਆਂ ਦੇ ਨਵੀਵੀਕਰਨ, ਪਾਣੀ ਦੀ ਮੁੜ ਵਰਤੋਂ ਤੇ ਰੀਚਾਰਜ ਲਈ ਬੋਰਵੈਲ, ਵਾਟਰਸ਼ੈਡ ਦਾ ਵਿਕਾਸ ਅਤੇ ਦਰੱਖਤ ਲਗਾਉਣ ਦੇ ਕੰਮਾਂ 'ਤੇ ਧਿਆਨ ਦਿੱਤਾ ਜਾਵੇਗਾ। ਪੰਜਾਬ ਦੇ 20 ਜ਼ਿਲਿਆਂ ਦੇ 111 ਪ੍ਰਭਾਵਿਤ ਬਲਾਕਾਂ ਵਿੱਚ ਇਹ ਅਭਿਆਨ ਚਲਾਇਆ ਜਾਵੇਗਾ। ਇਸ ਦੌਰਾਨ ਪਾਣੀ ਦੀ ਸੰਭਾਲ ਲਈ ਜ਼ਿਲਾ ਪੱਧਰੀ ਯੋਜਨਾਵਾਂ ਤਿਆਰ ਕੀਤੀਆਂ ਜਾਣਗੀਆਂ ਅਤੇ ਪਾਣੀ ਦੀ ਨਿਪੁੰਨਤਾ ਨਾਲ ਵਰਤੋਂ ਅਤੇ ਇਸ ਮੰਤਵ ਲਈ ਸਹੀ ਫਸਲਾਂ ਦੀ ਚੋਣ ਬਾਰੇ ਜਾਣਕਾਰੀ ਦੇਣ ਲਈ ਕਿਸਾਨ ਮੇਲੇ ਵੀ ਲਗਾਏ ਜਾਣਗੇ। ਭਾਰਤ ਸਰਕਾਰ ਵੱਲੋਂ ਉਲੀਕਿਆ ਇਹ ਪ੍ਰੋਗਰਾਮ ਜਲ ਸਰੋਤਾਂ ਭਾਵ ਜ਼ਮੀਨਦੋਜ਼ ਅਤੇ ਸਤਿਹੀ ਪਾਣੀ ਦੋਵਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਵਧੀਆ ਉਪਰਾਲਾ ਹੈ।

ਖੇਤੀ ਖੇਤਰ ਵਿੱਚ ਪਾਣੀ ਦੀ ਸੁਚੱਜੀ ਵਰਤੋਂ ਲਈ ਰਾਜ ਸਰਕਾਰ ਵੱਲੋਂ ਸਮੇਂ-ਸਮੇਂ ਲੇਜ਼ਰ ਲੈਂਡ ਲੈਵਲਿੰਗ, ਬੈਡ ਪਲਾਂਟਿੰਗ, ਤੁਪਕਾ ਸਿੰਜਾਈ ਆਦਿ ਤਕਨੀਕਾਂ ਤੇ ਫਸਲੀ ਵਿਭਿੰਨਤਾ ਨੂੰ ਪ੍ਰਚੱਲਿਤ ਕਰਨ ਦੇ ਪ੍ਰੋਗਰਾਮ ਉਲੀਕੇ ਗਏ ਅਤੇ ਝੋਨੇ ਦੀ ਲੁਆਈ ਨੂੰ ਸਮਾਂਬੱਧ ਕਰਨ ਲਈ ਕਾਨੂੰਨ ਬਣਾਇਆ ਗਿਆ, ਪਰ ਇਨ੍ਹਾਂ ਉਪਰਾਲਿਆਂ ਨੂੰ ਗੰਭੀਰਤਾ ਨਾਲ ਅਤੇ ਵਧੇਰੇ ਪੂੰਜੀ ਨਿਵੇਸ਼ ਨਾਲ ਉਤਸ਼ਾਹਿਤ ਕਰਨ ਦੀ ਲੋੜ ਹੈ। ਇਸ ਦੇ ਨਾਲ ਲੋਕਾਂ ਨੂੰ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ, ਇਸ ਦੇ ਸੰਰਖਸ਼ਣ ਪ੍ਰਤੀ ਜਾਗਰੂਕ ਕਰਨ ਅਤੇ ਜਲ ਸਰੋਤਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ। ਸਾਨੂੰ ਵੀ ਪਾਣੀ ਨੂੰ ਸੰਜਮ ਨਾਲ ਵਰਤਣ ਦੀ ਪਹਿਲ ਆਪਣੇ ਘਰਾਂ ਤੋਂ ਕਰਨੀ ਚਾਹੀਦੀ ਹੈ ਅਤੇ ਪਾਣੀ ਦੇ ਮੁੱਕਦੇ ਤੇ ਸੁੱਕਦੇ ਜਾਂਦੇ ਸੋਮਿਆਂ ਨੂੰ ਬਚਾਉਣ ਵਿੱਚ ਸਾਰਥਕ ਹਿੱਸਾ ਪਾਉਣਾ ਚਾਹੀਦਾ ਹੈ। ਇਸ ਲਈ ਅਸੀਂ ਰਲ ਕੇ ਕੁਦਰਤ ਦੀ ਇਸ ਅਨਮੋਲ ਦਾਤ ਨੂੰ ਅਸੀਂ ਆਪਣੇ ਲਈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭ ਕੇ ਰੱਖਣ ਲਈ ਬੇ-ਆਬ ਹੋਣ ਵੱਲ ਵਧਦੇ ਪੰਜਾਬ ਨੂੰ ਮੁੜ ਹਰੇ ਭਰੇ ਖੁਸ਼ਹਾਲ ਇਲਾਕੇ ਵਜੋਂ ਵਿਕਸਤ ਕਰਨ ਵਿੱਚ ਯੋਗਦਾਨ ਪਾਈਏ।

# ਅੱਜ ਕੱਲ੍ਹ ਕੀਹਣੇ ਪੁੱਛਣੀ ਜਿੰਦੀ ਘੋੜੀ..

-ਸੁਪਿੰਦਰ ਸਿੰਘ ਰਾਣਾ

ਪਿਛਲੇ ਸਾਲ ਪਤਨੀ ਨੇ ਮਾਂ ਦੀ ਪੇਟੀ ਘਰ ਵਿੱਚ ਕੰਮ ਕਰਨ ਵਾਲੀ ਨੂੰ ਚੁਕਾ ਦਿੱਤੀ। ਮਸਾਲਾ ਕੁੱਟਣ ਵਾਲਾ ਮਾਮ ਜਿਸਤਾ, ਆਚਾਰ ਕੱਟਣ ਵਾਲਾ ਦਾਤਰ (ਟੋਕਾ) ਤੇ ਸੇਵੀਆਂ ਵੱਟਣ ਵਾਲੀ ਜਿੰਦੀ, ਜਿਸ ਨੂੰ ਜੈਂਡੀ ਜਾਂ ਘੋੜੀ ਵੀ ਆਖਦੇ ਨੇ, ਦੀ ਵਾਰੀ ਸੀ। ਮੈਨੂੰ ਜਾਪਦਾ ਸੀ ਕਿ ਇਹ ਚੀਜ਼ਾਂ ਬਹੁਤ ਘੱਟ ਥਾਂ ਘੇਰਦੀਆਂ ਹਨ ਤੇ ਪਈਆਂ ਕਿਸੇ ਨੂੰ ਕੀ ਕਹਿੰਦੀਆਂ ਨੇ। ਕਦੇ ਵੇਲੇ ਕੁਵੇਲੇ ਕੰਮ ਆ ਜਾਣਗੀਆਂ। ਇਨ੍ਹਾਂ ਨੂੰ ਦੇਖ ਕੇ ਪੁਰਾਣੇ ਸਮੇਂ ਦੀ ਯਾਦ ਆ ਜਾਂਦੀ ਸੀ। ਦੇਖਣ ਨੂੰ ਤਾਂ ਇਹ ਚੀਜ਼ਾਂ ਅੱਜ ਦੀ ਪੀੜ੍ਹੀ ਨੂੰ ਸ਼ਾਇਦ ਫਜ਼ੂਲ ਹੀ ਜਾਪਦੀਆਂ ਹੋਣ, ਪਰ ਇਹ ਕਿਸੇ ਵੇਲੇ ਸਾਂਝ ਦਾ ਪ੍ਰਤੀਕ ਸਨ।

ਤਾਇਆ ਜੀ ਰੇਲਵੇ ਵਿਭਾਗ ਦੀ ਨੌਕਰੀ ਕਰਦੇ ਸਨ। ਉਹ ਨੌਕਰੀ ਦੌਰਾਨ ਮਾਮ ਜਿਸਤਾ ਬਣਾ ਕੇ ਲਿਆਏ। ਘਰ ਵਿੱਚ ਜਦੋਂ ਵੀ ਮਸਾਲਾ ਕੁੱਟਣਾ ਹੋਵੇ, ਮਿਰਚਾਂ ਕੁੱਟਣੀਆਂ ਹੋਣ ਜਾਂ ਹੋਰ ਕੁਝ ਤਾਂ ਇਸ ਦੀ ਲੋੜ ਪੈਂਦੀ ਸੀ। ਇਹ ਸਾਡੇ ਘਰ ਤੱਕ ਹੀ ਸੀਮਤ ਨਹੀਂ ਸੀ, ਸਗੋਂ ਗੁਆਂਢੀ ਵੀ ਇਸ ਦੀ ਵਰਤੋਂ ਕਰਦੇ ਸਨ। ਦੂਜੇ ਘਰੋਂ ਆਉਣ ਉਤੇ ਮਾਂ ਨੇ ਸਾਫ ਸਫਾਈ ਕਰਕੇ ਫੇਰ ਇਸ ਨੂੰ ਬਣਦੀ ਥਾਂ 'ਤੇ ਰੱਖ ਦੇਣਾ। ਗਰਮੀਆਂ ਵਿੱਚ ਅੰਬੀਆਂ ਦਾ ਆਚਾਰ ਬਣਾਉਣ ਵੇਲੇ ਦਾਤਰ ਦੀ ਲੋੜ ਪੈਂਦੀ ਸੀ। ਇਸ ਨਾਲ ਵੀ ਕਈ ਘਰਾਂ ਦਾ ਸਬੰਧ ਜੁੜਿਆ ਸੀ। ਇਨ੍ਹਾਂ ਦੋਵਾਂ ਚੀਜ਼ਾਂ ਨੂੰ ਵਰਤਣ ਵੇਲੇ ਬੱਚਿਆਂ ਤੋਂ ਦੂਰ ਰੱਖਿਆ ਜਾਂਦਾ ਸੀ ਤਾਂ ਜੋ ਕੋਈ ਨਿਆਣਾ ਸੱਟ ਫੇਟ ਨਾ ਖਾ ਲਵੇ। ਜਿੰਦੀ ਦੀ ਜਦੋਂ ਵਾਰੀ ਆਉਂਦੀ ਤਾਂ ਨਿਆਣੇ ਜਿਥੇ ਖੇਡ ਕਟਾਰੀਆਂ ਕਰਦੇ ਸਨ, ਉਥੇ ਵੱਡਿਆਂ ਨਾਲ ਕੰਮ ਵਿੱਚ ਹੱਥ ਵੀ ਵਟਾਈ ਜਾਂਦੇ ਸਨ।

ਮੈਨੂੰ ਯਾਦ ਹੈ, ਜਦੋਂ ਅਸੀਂ ਆਪਣੇ ਘਰ ਵਿੱਚ ਸੇਵੀਆਂ ਵੱਟਣ ਦੀ ਤਿਆਰੀ ਕਰਦੇ ਤਾਂ ਤਿੰਨੋਂ ਭੈਣ ਭਰਾ ਭੱਜ-ਭੱਜ ਕੇ ਆਪਣੀ ਮਾਂ ਨਾਲ ਕੰਮ ਕਰਾਉਣ ਲੱਗ ਜਾਂਦੇ ਸਾਂ। ਸਭ ਨੂੰ ਸੇਵੀਆਂ ਵੱਟਣ ਦਾ ਚਾਅ ਹੁੰਦਾ ਸੀ। ਮਾਂ ਨੇ ਜਿਸ ਦਿਨ ਸਾਡੀ ਸਕੂਲ ਤੋਂ ਛੁੱਟੀ ਹੋਣੀ, ਉਸ ਦਿਨ ਅਜਿਹਾ ਕੰਮ ਕਰਨ ਲੱਗ ਜਾਣਾ। ਅਸੀਂ ਪਹਿਲਾਂ ਮੰਜੇ ਦੀ ਬਾਹੀ ਉਤੇ ਸੇਵੀਆਂ ਵੱਟਣ ਵਾਲੀ ਮਸ਼ੀਨ ਨੂੰ ਕੱਸ ਲੈਂਦੇ। ਸ਼ਾਇਦ ਬਾਹੀ 'ਤੇ ਜਿੰਦੇ ਵਾਂਗ ਕੱਸੀ ਜਾਣ ਕਰਕੇ ਇਸ ਨੂੰ ਜਿੰਦੀ ਦਾ ਨਾਮ ਦਿੱਤਾ ਹੋਵੇ। ਇੰਜ ਹੀ ਮੰਜੇ ਉਤੇ ਬੈਠ ਕੇ ਜਦੋਂ ਦੋਵੇਂ ਪਾਸੇ ਲੱਤਾਂ ਕਰਕੇ ਇਸ ਨੂੰ ਚਲਾਉਂਦੇ ਹੋਣਗੇ ਤਾਂ ਘੋੜੀ ਦੀ ਸਵਾਰੀ ਕਰਨ ਵੇਲੇ ਹੱਥ ਵਿੱਚ ਲਗਾਮ ਫੜੀ ਦਾ ਅਹਿਸਾਸ ਹੋਣ ਕਾਰਨ ਇਸ ਨੂੰ ਕੁਝ ਇਲਾਕਿਆਂ ਵਿੱਚ ਘੋੜੀ ਕਹਿੰਦੇ ਹੋਣਗੇ।

ਦੋ ਮੰਜਿਆਂ ਨੂੰ ਪੁੱਠੇ ਕਰਕੇ ਉਨ੍ਹਾਂ ਦੇ ਪਾਵਿਆਂ ਨੂੰ ਰੱਸੀਆਂ ਬੰਨ੍ਹ ਦੇਣੀਆਂ। ਮੰਜਿਆਂ ਵਿੱਚ ਚਾਦਰਾਂ ਵਿਛਾ ਦੇਣੀਆਂ ਤਾਂ ਜੋ ਸੇਵੀਆਂ ਸੁੱਕ ਕੇ ਉਨ੍ਹਾਂ 'ਤੇ ਡਿੱਗ ਪੈਣ। ਇੰਨੇ ਨੂੰ ਮਾਂ ਨੇ ਆਟਾ ਛਾਣ ਕੇ ਗੁੰਨ੍ਹ ਲੈਣਾ। ਪਰਾਤ ਵਿੱਚ ਗੁੰਨ੍ਹਿਆ ਤੇ ਸੁੱਕਾ ਆਟਾ ਦੋਵੇਂ ਹੀ ਰੱਖ ਲੈਣੇ। ਜਿੰਦੀ ਵਿੱਚ ਆਟੇ ਦਾ ਪਹਿਲ ਪੇੜਾ ਪਾਉਣ ਤੋਂ ਪਹਿਲਾਂ ਮਾਂ ਨੇ ਪਰਮਾਤਮਾ ਨੂੰ ਯਾਦ ਕਰਨਾ ਤੇ ਮਗਰੋਂ ਸਰ੍ਹੋਂ ਦਾ ਤੇਲ ਲਾ ਕੇ ਪੇੜਾ ਪਾ ਦੇਣਾ। ਸਾਨੂੰ ਮਸ਼ੀਨ ਦਾ ਹੈਂਡਲ ਘੁੰਮਾਉਣ ਲਈ ਆਖਣਾ। ਨਾਲ ਹੀ ਵੇਲਣਾ ਰੱਖਿਆ ਹੁੰਦਾ ਸੀ। ਮਸ਼ੀਨ ਵਿੱਚ ਆਟਾ ਧੱਕਣ ਲਈ ਵੇਲਣੇ ਦੀ ਲੋੜ ਪੈਂਦੀ ਸੀ। ਜਦੋਂ ਸੇਵੀਆਂ ਹੇਠਾਂ ਰੱਖੀ ਪਰਾਤ ਕੋਲ ਜਾਣੀਆਂ ਤਾਂ ਮਾਂ ਨੇ ਤੋੜ ਕੇ ਸਾਨੂੰ ਫੜਾ ਦੇਣੀਆਂ। ਅਸੀਂ ਭੱਜ ਕੇ ਗਿੱਲੀਆਂ ਸੇਵੀਆਂ ਮੰਜੇ ਨੂੰ ਬੰਨ੍ਹੀਆਂ ਰੱਸੀਆਂ 'ਤੇ ਪਾ ਦੇਣੀਆਂ। ਇਹ ਕੰਮ ਕਈ ਘੰਟੇ ਚੱਲਦਾ ਰਹਿਣਾ। ਕਈ ਸੇਵੀਆਂ ਮੰਜੇ 'ਤੇ ਪਾਉਣ ਤੋਂ ਪਹਿਲਾਂ ਟੁੱਟ ਕੇ ਹੇਠਾਂ ਡਿੱਗ ਪੈਣੀਆਂ। ਮਾਂ ਨੇ ਕਈ ਵਾਰ ਆਪ ਸੇਵੀਆਂ ਤੋੜ ਕੇ ਪਾਉਣੀਆਂ ਤੇ ਸਾਨੂੰ ਸਮਝਾਉਣਾ ਕਿ ਇੰਜ ਪਾਈਦੀਆਂ ਨੇ।

ਅਸੀਂ ਜਿੰਦੀ ਦੇ ਹੈਂਡਲ ਨੂੰ ਵਾਰੀ-ਵਾਰੀ ਘੁਮਾਈ ਜਾਣਾ। ਕਈ ਵਾਰ ਦੋ ਤਿੰਨ ਦਿਨ ਜਦੋਂ ਵੀ ਸਮਾਂ ਮਿਲਦਾ ਅਸੀਂ ਸੇਵੀਆਂ ਵੱਟੀ ਜਾਣਾ। ਜਿਥੇ ਅਜਿਹਾ ਕੰਮ ਕਰਨ ਨਾਲ ਸਰੀਰ ਦੀ ਕਸਰਤ ਹੁੰਦੀ, ਉਥੇ ਮਿਲ ਕੇ ਖੇਡਣ ਦਾ ਵੀ ਆਨੰਦ ਆਉਂਦਾ ਸੀ। ਮਾਂ ਪਹਿਲਾਂ ਘੜੇ 'ਤੇ ਸੇਵੀਆਂ ਵੱਟਿਆ ਕਰਦੀ ਸੀ। ਅਸੀਂ ਵੀ ਕਦੇ ਕਦਾਈਂ ਹੱਥ ਵਟਾ ਦਿੰਦੇ ਹੁੰਦੇ ਸਾਂ, ਪਰ ਜਿਸ ਦਿਨ ਦੀ ਪਿਤਾ ਜੀ ਨੇ ਘਰੇ ਸੇਵੀਆਂ ਵੱਟਣ ਵਾਲੀ ਮਸ਼ੀਨ ਲਿਆਂਦੀ ਤਾਂ ਮਾਂ ਨੇ ਸੁੱਖ ਦਾ ਸਾਹ ਲਿਆ ਸੀ। ਫੇਰ ਮਾਂ ਨੇ ਸੁੱਕੀਆਂ ਸੇਵੀਆਂ ਨੂੰ ਕੜਾਹੀ ਵਿੱਚ ਭੁੰਨ ਲੈਣਾ। ਸਰਦੀਆਂ 'ਚ ਜ਼ੁਕਾਮ ਜਾਂ ਬੁਖਾਰ ਹੋਣ ਉੱਤੇ ਮਾਂ ਨੇ ਗੁੜ ਵਾਲੀਆਂ ਸੇਵੀਆਂ ਲੌਂਗ, ਵੱਡੀਆਂ ਇਲਾਇਚੀਆਂ ਤੇ ਦੇਸੀ ਘੀ ਪਾ ਕੇ ਬਣਾ ਕੇ ਦੇਣੀਆਂ ਤੇ ਸਿਰ ਮੂੰਹ ਢਕ ਕੇ ਖੇਸੀ ਜਾਂ ਰਜਾਈ ਲੈ ਕੇ ਪੈਣ ਦੀ ਸਲਾਹ ਦੇਣੀ। ਥੋੜ੍ਹੀ ਦੇਰ ਬਾਅਦ ਪਿਆਂ ਨੂੰ ਪਸੀਨਾ ਆ ਜਾਣਾ ਤੇ ਜ਼ੁਕਾਮ ਤੇ ਬੁਖਾਰ ਦਾ ਨਾਮੋਂ ਨਿਸ਼ਾਨ ਨਾ ਰਹਿਣਾ। ਜਦੋਂ ਕਿਸੇ ਮਹਿਮਾਨ ਨੇ ਘਰ ਆਉਣਾ ਤਾਂ ਸੇਵੀਆਂ ਬਣਾ ਲੈਣੀਆਂ।

ਜਿੰਦੀ ਨੇੜਲੇ ਘਰਾਂ ਵਿੱਚ ਜਾਂਦੀ ਸੀ। ਕਈ ਵਾਰ ਨੇੜੇ ਰਹਿੰਦੀਆਂ ਮਾਸੀਆਂ, ਮਾਮੀਆਂ ਪਹਿਲਾਂ ਆਪ ਸੇਵੀਆਂ ਵੱਟ ਲੈਂਦੀਆਂ ਸਨ ਤੇ ਸਾਡੀ ਵਾਰੀ ਮਗਰੋਂ ਆਉਂਦੀ। ਉਨ੍ਹਾਂ ਦਿਨਾਂ ਵਿੱਚ ਇਕ ਦੂਜੇ ਤੋਂ ਚੀਜ਼ਾਂ ਲੈਣ ਦੇਣ ਦਾ ਵਿਹਾਰ ਚੱਲਦਾ ਰਹਿੰਦਾ ਸੀ। ਜੇ ਕਿਸੇ ਨੇ ਸਾਗ ਬਣਾਉਣਾ ਤਾਂ ਕਈ ਘਰਾਂ ਵਿੱਚ ਕੌਲੀ-ਕੌਲੀ ਪਹੁੰਚਾ ਦੇਣੀ। ਮੱਝ ਸੂਣ 'ਤੇ ਕਈ-ਕਈ ਦਿਨ ਬੌਲ੍ਹੀ ਬਣਾ ਕੇ ਖਾਈ ਜਾਣੀ। ਇਕ ਚੀਜ਼ ਨਾਲ ਇਕ ਪਰਵਾਰ ਹੀ ਨਹੀਂ, ਕਈ ਘਰਾਂ ਦੇ ਜੀਅ ਡੰਗ ਸਾਰਦੇ ਸਨ। ਪ੍ਰਾਹੁਣਾ ਕਿਸੇ ਇਕ ਘਰ ਦਾ ਹੋਣਾ ਤੇ ਮਾਣ ਆਦਰ ਸਾਰੇ ਘਰਾਂ ਵਿੱਚ ਬਰਾਬਰ ਮਿਲਦਾ ਸੀ। ਇਹ ਸਭ ਬੀਤੇ ਦੀਆਂ ਗੱਲਾਂ ਬਣ ਕੇ ਰਹਿ ਗਈਆਂ। ਜਦੋਂ ਅਸੀਂ ਸ਼ਹਿਰ ਵਿੱਚ ਆ ਗਏ ਤਾਂ ਕਈ ਸਾਲ ਸੇਵੀਆਂ ਇਥੇ ਵੀ ਵਟਦੇ ਰਹੇ। ਪਹਿਲਾਂ ਘਰੋਂ ਲੱਕੜ ਦੇ ਮੰਜੇ ਗਾਇਬ ਹੋਏ। ਅਸੀਂ ਘਰ ਵਿੱਚ ਮੇਜ਼ 'ਤੇ ਜਿੰਦੀ ਨੂੰ ਕਈ ਛੋਟੀਆਂ-ਛੋਟੀਆਂ ਲੱਕੜਾਂ ਦੇ ਸਹਾਰੇ ਕੱਸ ਲੈਣਾ ਤੇ ਸੇਵੀਆਂ ਵੱਟੀ ਜਾਣਾ। ਅੱਜ ਕੱਲ੍ਹ ਜਦੋਂ ਬਾਜ਼ਾਰੂ ਮੈਦੇ ਵਾਲੀਆਂ ਸੇਵੀਆਂ ਖਾਂਦੇ ਹਾਂ ਤਾਂ ਮਨ ਆਪਮੁਹਾਰੇ ਕਹਿ ਉਠਦਾ ਹੈ ਕਿ ਮਿੱਤਰਾ, ਜਦੋਂ ਆਟੇ ਵਾਲੀਆਂ ਸੇਵੀਆਂ ਹੀ ਨਾ ਰਹੀਆਂ ਤਾਂ ਜਿੰਦੀ ਘੋੜੀ ਕੀਹਨੇ ਪੁੱਛਣੀ ਹੈ। ਜਦੋਂ ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਕਤਾਰਾਂ ਦਿਸਦੀਆਂ ਨੇ ਤਾਂ ਸਿਆਣਿਆਂ ਦਾ ਕਿਹਾ ਯਾਦ ਆਉਂਦਾ ਹੈ ਕਿ ਨਾ ਪਹਿਲਾਂ ਆਲੇ ਸਰੀਰ ਰਹੇ, ਨਾ ਖੁਰਾਕਾਂ ਤੇ ਨਾ ਹੀ ਲੋਕ।

# ਆ ਜਵਾਈਆ ਮੰਡੇ ਖਾਹ..

-ਬਲਰਾਜ ਸਿੱਧੂ ਐਸ ਪੀ

ਦੇਸ਼ ਵਿੱਚ ਆਮ ਚੋਣਾਂ ਸਿਰੇ ਚੜ੍ਹ ਚੁੱਕੀਆਂ ਹਨ ਤੇ ਨਵੀਂ ਸਰਕਾਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਚੋਣਾਂ ਦੌਰਾਨ ਇਹ ਗੱਲ ਦੇਖਣ ਨੂੰ ਮਿਲੀ ਕਿ ਹਰੇਕ ਨੇਤਾ ਮੋਰਚਾ ਫਤਹਿ ਕਰਨ ਲਈ ਸਿਰਧੜ ਦੀ ਬਾਜ਼ੀ ਲਾਈ ਬੈਠਾ ਸੀ, ਪਰ ਜਿੱਤ ਹਾਰ ਕਈ ਨੁਕਤਿਆਂ 'ਤੇ ਨਿਰਭਰ ਕਰਦੀ ਹੈ। ਨੇਤਾਵਾਂ ਦੀ ਵੋਟਰਾਂ ਨਾਲ ਬੋਲਚਾਲ ਅਤੇ ਵਿਹਾਰ, ਉਨ੍ਹਾਂ ਦਾ ਨਿੱਜੀ ਕਿਰਦਾਰ, ਕੀਤੇ ਹੋਏ ਕੰਮ, ਇਲਾਕੇ ਦਾ ਵਿਕਾਸ, ਧਾਰਮਿਕ ਸਮਾਜਿਕ ਮੁੱਦੇ, ਉਪਲਬਧਤਾ ਅਤੇ ਦਿਆਨਤਦਾਰੀ ਆਦਿ ਕਈ ਕਾਰਨ ਹਨ ਜੋ ਸਿਆਸੀ ਹਵਾ ਦਾ ਰੁਖ਼ ਨਿਰਧਾਰਤ ਕਰਨ ਦਾ ਕਾਰਨ ਬਣਦੇ ਹਨ। ਕੁਝ ਕਰਮਯੋਗੀ ਨੇਤਾ ਜਨਤਾ ਵਿੱਚ ਐਨੇ ਹਰਮਨ ਪਿਆਰੇ ਹੁੰਦੇ ਹਨ ਕਿ ਹਲਕੇ ਵਿੱਚ ਗਏ ਬਿਨਾਂ ਜਿੱਤ ਜਾਂਦੇ ਹਨ ਤੇ ਕਈ ਐਨੇ ਬਦਨਾਮ ਹੁੰਦੇ ਹਨ ਕਿ ਹਰ ਨਵੀਂ ਚੋਣ ਵੇਲੇ ਨਵਾਂ ਹਲਕਾ ਲੱਭਦੇ ਹਨ। ਬਹੁਤੇ ਨੇਤਾ ਕਿਸੇ ਚੰਗੀ ਪਾਰਟੀ ਦੀ ਟਿਕਟ ਮਿਲਣ ਸਾਰ ਆਪਣੇ ਆਪ ਨੂੰ ਮੰਤਰੀ ਸਮਝਣ ਲੱਗ ਪੈਂਦੇ ਹਨ। ਧੌਣ ਵਿੱਚ ਕਿੱਲਾ ਫਸ ਜਾਂਦਾ ਹੈ, ਮੁੱਛਾਂ ਖੜ੍ਹੀਆਂ ਤੇ ਅੱਖਾਂ ਲਾਲ ਹੋ ਜਾਂਦੀਆਂ ਹਨ।

ਫੌਰਨ ਪ੍ਰੋਫੈਸ਼ਨਲ ਚਮਚਿਆਂ ਦੀ ਫੌਜ ਇਨ੍ਹਾਂ ਨੂੰ ਚਾਰੇ ਪਾਸਿਓਂ ਘੇਰ ਲੈਂਦੀ ਹੈ। ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਇਕ ਨਵੀਂ ਸਿਆਸੀ ਪਾਰਟੀ ਦੀ ਜ਼ਰੂਰਤ ਤੋਂ ਜ਼ਿਆਦਾ ਹੀ ਚੜ੍ਹਾਈ ਹੋ ਗਈ। ਸਭ ਨੂੰ ਲੱਗਣ ਲੱਗਾ ਕਿ ਇਹ ਜ਼ਰੂਰ ਕੋਈ ਵੱਡਾ ਸਿਆਸੀ ਧਮਾਕਾ ਕਰਨਗੇ। ਇਲੈਕਸ਼ਨ ਦਾ ਰਿਜ਼ਲਟ ਆਉਣ ਤੋਂ ਪਹਿਲਾਂ ਹੀ ਉਸ ਪਾਰਟੀ ਦੇ ਲੀਡਰਾਂ ਦੇ ਦਿਮਾਗ ਸੱਤਵੇਂ ਅਸਮਾਨ 'ਤੇ ਪਹੁੰਚ ਗਏ। ਉਨ੍ਹਾਂ ਨੇ ਅਫਸਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਜ਼ਿਲੇ ਦੇ ਸੀਨੀਅਰ ਅਧਿਕਾਰੀਆਂ ਤੱਕ ਦੇ ਫੋਨ ਉਨ੍ਹਾਂ ਦੇ ਪੀ ਏ ਪੰਜ-ਪੰਜ ਮਿੰਟ ਹੋਲਡ ਕਰਾਉਣ ਲੱਗ ਪਏ। ਉਨ੍ਹਾਂ ਦੇ ਵਰਕਰ ਦਿਨ ਰਾਤ ਕਾਊਂਟਿੰਗ ਸੈਂਟਰਾਂ 'ਤੇ ਵੋਟਾਂ ਵਾਲੀਆਂ ਮਸ਼ੀਨਾਂ ਦੀ ਰਾਖੀ ਵਾਸਤੇ ਡਟੇ ਰਹੇ। ਗਿਣਤੀ ਵਾਲੇ ਦਿਨ ਤਾਂ ਉਨ੍ਹਾਂ ਦੀ ਮੜਕ ਝੱਲੀ ਨਹੀਂ ਸੀ ਜਾਂਦੀ। ਸਮਰਥਕਾਂ ਦੇ ਵੱਡੇ ਲਾਮ ਲਸ਼ਕਰ ਸਮੇਤ ਉਹ ਪੁਲਸ ਨਾਕਿਆਂ ਤੋਂ ਇਸ ਤਰ੍ਹਾਂ ਘੂਰ-ਘੂਰ ਲੰਘਦੇ ਜਿਵੇਂ ਵਾਕਿਆ ਹੀ ਉਨ੍ਹਾਂ ਦੀ ਸਰਕਾਰ ਬਣ ਗਈ ਹੋਵੇ। ਜਿਉਂ-ਜਿਉਂ ਵੋਟਾਂ ਦੀ ਗਿਣਤੀ ਅੱਗੇ ਵਧਦੀ ਗਈ, ਉਨ੍ਹਾਂ ਦੀ ਫੂਕ ਨਿਕਲਦੀ ਗਈ। ਕਈ ਸ਼ਰਮਿੰਦੇ ਹੋਏ ਵਾਪਸ ਜਾਣ ਲੱਗਿਆਂ ਪੁਲਸ ਲਾਗੋਂ ਹਾਰੇ ਹੋਏ ਜੁਆਰੀਆਂ ਵਾਂਗ ਅੱਖ ਬਚਾ ਕੇ ਖਿਸਕੇ।

ਕੁਝ ਸਾਲ ਪਹਿਲਾਂ ਲੁਧਿਆਣੇ ਦੇ ਇਕ ਪੇਂਡੂ ਹਲਕੇ ਤੋਂ ਚਾਲੂ ਜਿਹੀ ਕਿਸਮ ਦਾ ਪਰ ਕਿਸਮਤ ਦਾ ਧਨੀ ਲੀਡਰ ਪਤਾ ਨਹੀਂ ਕਿਵੇਂ ਜੁਗਾੜ ਲਾ ਕੇ ਇਕ ਵੱਡੀ ਸਿਆਸੀ ਪਾਰਟੀ ਦੀ ਟਿਕਟ ਮੁੱਛ ਲਿਆਇਆ। ਉਸ ਨੇ ਦਿਨਾਂ ਵਿੱਚ ਹੀ ਚੋਣ ਪ੍ਰਚਾਰ ਪੂਰੇ ਜ਼ੋਰਾਂ ਨਾਲ ਮਘਾ ਦਿੱਤਾ। ਚਮਚਿਆਂ ਨੇ ਗੱਲਾਂ ਗੱਲਾਂ ਵਿੱਚ ਉਸ ਨੂੰ ਜਿਤਾ ਵੀ ਦਿੱਤਾ ਤੇ ਮੰਤਰੀ ਵੀ ਬਣਾ ਦਿੱਤਾ। ਉਹ ਸਮਝਣ ਲੱਗਾ ਕਿ ਸਾਰੇ ਜ਼ਿਲੇ ਵਿੱਚ ਉਸ ਦੇ ਮੁਕਾਬਲੇ ਦਾ ਹੋਰ ਕੋਈ ਲੀਡਰ ਨਹੀਂ ਹੈ ਅਤੇ ਸਰਕਾਰ ਬਣਨ ਤੋਂ ਬਾਅਦ ਪੂਰੇ ਜ਼ਿਲੇ ਵਿੱਚ ਉਸੇ ਦੀ ਹੀ ਚੱਲਣੀ ਹੈ।

ਜਿਸ ਪਾਰਟੀ ਵੱਲੋਂ ਉਹ ਚੋਣ ਲੜ ਰਿਹਾ ਸੀ, ਉਸ ਦੀ ਵੀ ਪੂਰੀ ਹਵਾ ਬਣੀ ਹੋਈ ਸੀ। ਇਲਾਕੇ ਦੇ ਅਫਸਰ ਵੀ ਮਾਹੌਲ ਵੇਖ ਕੇ ਪੋਸਟਿੰਗ ਕਰਾਉਣ ਬਚਾਉਣ ਲਈ ਉਸ ਦੇ ਅੱਗੇ ਪਿੱਛੇ ਘੁੰਮਣ ਲੱਗੇ। ਉਸ ਨੇ ਪਹਿਲਾਂ ਕਦੇ ਸਰਪੰਚੀ ਦੀ ਚੋਣ ਨਹੀਂ ਸੀ ਲੜੀ। ਐਨੀ ਤਵੱਜੋ ਮਿਲਦੀ ਵੇਖ ਕੇ ਥੋੜ੍ਹੇ ਪਾਣੀ ਦੀ ਮੱਛੀ ਵਾਂਗ ਜ਼ਿਆਦਾ ਹੀ ਤੜਫਣ ਲੱਗਾ। ਕੁਝ ਦਿਨਾਂ ਬਾਅਦ ਸੁੱਖੀਂ ਸਾਂਦੀ ਵੋਟਾਂ ਪੈ ਗਈਆਂ। ਅਗਲੇ ਦਿਨ ਉਹ ਨਿੱਸਲ ਹੋਇਆ ਘਰ ਬੈਠਾ ਇਲੈਕਸ਼ਨ ਦੀ ਥਕਾਨ ਲਾਹ ਰਿਹਾ ਸੀ ਕਿ ਉਸ ਦਾ ਇਕ ਖਾਸ ਵਰਕਰ, ਜੋ ਬਹੁਤ ਮੂੰਹ ਫੱਟ ਸੀ, ਉਸ ਨੂੰ ਮਿਲਣ ਗਿਆ। ਲੀਡਰ ਨੇ ਇੱਧਰ ਉਧਰ ਦੀਆਂ ਗੱਲਾਂ ਮਾਰਨ ਤੋਂ ਬਾਅਦ ਉਸ ਨਾਲ ਦਿਲ ਫੋਲਿਆ, 'ਯਾਰ! ਇਹ ਸਰਕਾਰ ਚਲਾਉਣੀ ਬੜਾ ਔਖਾ ਕੰਮ ਆ। ਛੋਟੇ ਵੱਡੇ ਸਾਰੇ ਅਫਸਰ ਗੇੜੇ ਮਾਰੀ ਜਾਂਦੇ ਨੇ। ਬੰਦਾ ਕਿਸ ਨੂੰ ਡੀ ਸੀ ਲਾਵੇ, ਕਿਸ ਨੂੰ ਐਸ ਐਸ ਪੀ, ਕਿਸ ਨੂੰ ਡੀ ਐਸ ਪੀ, ਐਸ ਐਚ ਓ ਅਤੇ ਕਿਸ ਨੂੰ ਐਸ ਡੀ ਐਮ ਲਾਵੇ? ਇਨ੍ਹਾਂ ਨੇ ਸਿਫਾਰਸ਼ਾਂ ਪਾ-ਪਾ ਕੇ ਸਿਰ ਪੀੜ ਲਾ ਛੱਡੀ ਆ।' ਵਰਕਰ ਹੈਰਾਨ ਰਹਿ ਗਿਆ ਕਿ ਇਹ ਬੰਦਾ ਅਜੇ ਕੁਝ ਬਣਿਆਂ ਨਹੀਂ ਤੇ ਪੈਰ ਛੱਡ ਗਿਆ। ਉਹ ਚੁੱਪਚਾਪ ਕੰਨ ਵਲੇਟ ਕੇ ਵਾਪਸ ਚਲਦਾ ਬਣਿਆ। ਕੁਝ ਦਿਨਾਂ ਬਾਅਦ ਜਦੋਂ ਵੋਟਾਂ ਦੀ ਗਿਣਤੀ ਹੋਈ ਤਾਂ ਮੰਤਰੀ ਬਣਨ ਦਾ ਸੁਪਨਾ ਲਈ ਬੈਠੇ ਉਸ ਵਿਚਾਰੇ ਲੀਡਰ ਦੀ ਜ਼ਮਾਨਤ ਜ਼ਬਤ ਹੋ ਗਈ। ਸ਼ਰਮ ਦਾ ਮਾਰਿਆ ਕਈ ਦਿਨ ਮੂੰਹ ਛਿਪਾ ਕੇ ਘਰ ਲੁਕਿਆ ਰਿਹਾ। ਮੂੰਹ ਫੱਟ ਵਰਕਰ ਨੂੰ ਢਿੱਡ ਹੌਲਾ ਕਰਨ ਦਾ ਮੌਕਾ ਮਿਲ ਗਿਆ ਅਤੇ ਉਹ ਭਲਾਮਾਣਸ ਜਿਹਾ ਬਣ ਕੇ ਲੀਡਰ ਦੇ ਘਰ ਜਾ ਪਹੁੰਚਿਆ।

ਅਫਸੋਸ ਕਰਨ ਤੋਂ ਬਾਅਦ ਕਹਿਣ ਲੱਗਾ, 'ਨੇਤਾ ਜੀ! ਇਕ ਗੱਲ ਮੰਨਣੀ ਪਊ ਕਿ ਰੱਬ ਜੋ ਵੀ ਕਰਦਾ, ਠੀਕ ਈ ਕਰਦਾ ਆ।' ਲੀਡਰ ਨੇ ਇਸ ਤਰ੍ਹਾਂ ਤ੍ਰਭਕ ਕੇ ਉਸ ਵੱਲ ਵੇਖਿਆ ਜਿਵੇਂ ਕਿਸੇ ਨੇ ਉਸ ਨੂੰ ਗਾਲ੍ਹ ਕੱਢੀ ਹੋਵੇ। ਉਹ ਕਹਿਣ ਲੱਗਾ, 'ਇਹ ਕੀ ਕਹੀ ਜਾਨਾ ਤੂੰ? ਅਫਸੋਸ ਕਰਨ ਆਇਆਂ ਕਿ ਮੇਰੇ ਜ਼ਖਮਾਂ 'ਤੇ ਲੂਣ ਭੁੱਕਣ?' ਵਰਕਰ ਮਸਕੀਨ ਜਿਹਾ ਬਣ ਕੇ ਬੋਲਿਆ, 'ਉਂ ਨੇਤਾ ਜੀ, ਤੁਸੀਂ ਸਮਝੇ ਨਹੀਂ। ਜੇ ਤੁਸੀਂ ਜਿੱਤ ਜਾਂਦੇ ਤਾਂ ਤੁਹਾਨੂੰ ਐਵੇਂ ਇਨ੍ਹਾਂ ਟੁੱਟੇ ਭੱਜੇ ਅਫਸਰਾਂ ਦੀਆਂ ਬਦਲੀਆਂ ਕਰਾਉਣ ਦੀ ਸਿਰਦਰਦੀ ਲੈਣੀ ਪੈਣੀ ਸੀ। ਕਦੇ ਕਿਸੇ ਦੇ ਸਿਫਾਰਸ਼ੀ ਨੇ ਨਰਾਜ਼ ਹੋ ਜਾਣਾ ਸੀ ਅਤੇ ਕਦੇ ਕਿਸੇ ਦੇ। ਕਦੇ ਚੰਡੀਗੜ੍ਹ ਭੱਜਦੇ ਤੇ ਕਦੇ ਦਿੱਲੀ। ਤੁਸੀਂ ਆਰਾਮ ਨਾਲ ਪੰਜ ਸਾਲ ਮੌਜਾਂ ਮਾਣੋ, ਕਿਸੇ ਚਪੜਾਸੀ ਨੇ ਨਹੀਂ ਆਉਣਾ ਤੁਹਾਡੇ ਕੋਲ ਬਦਲੀ ਕਰਾਉਣ ਲਈ। ਚੰਗਾ ਜੀ ਚੱਲਦੇ ਆਂ, ਰਾਮ ਸਿੰਘ ਨੂੰ ਵਧਾਈਆਂ ਦੇ ਆਈਏ ਸੀਟ ਜਿੱਤਣ ਦੀਆਂ।' ਲੀਡਰ ਸਮਝ ਗਿਆ ਕਿ ਇਹ ਜਾਣਬੁੱਝ ਕੇ ਭਿਉਂ-ਭਿਉਂ ਕੇ ਛਿੱਤਰ ਮਾਰ ਰਿਹਾ ਹੈ। ਉਹ ਕੁਝ ਕਹਿਣਾ ਚਾਹੁੰਦਾ ਹੋਇਆ ਵੀ ਕੁਝ ਨਾ ਕਹਿ ਸਕਿਆ।

## ਪਿਓ ਨੇ ਪੁੱਤ ਨਾਲ ਮਿਲ ਕੇ ਧੀ ਦੀ ਹੱਤਿਆ ਕੀਤੀ

ਸਮਾਣਾ, 17 ਜੁਲਾਈ (ਪੋਸਟ ਬਿਊਰੋ)- ਸਦਰ ਥਾਣਾ ਸਮਾਣਾ ਹੇਠਲੇ ਪਿੰਡ ਘਿਊਰਾ ਵਿਖੇ ਆਨਰ ਕਿਲਿੰਗ ਦੇ ਮਾਮਲੇ 'ਚ ਇੱਕ ਪਿਓ ਨੇ ਆਪਣੇ ਪੁੱਤ ਨਾਲ ਮਿਲ ਕੇ ਧੀ ਦਾ ਗਲਾ ਘੁੱਟ ਕੇ ਮਾਰ ਦਿੱਤਾ ਤੇ ਲਾਸ਼ ਨੂੰ ਰਾਤ ਸਮੇਂ ਸਾੜ ਕੇ ਖੁਰਦ-ਬੁਰਦ ਕਰ ਦਿੱਤਾ ਹੈ। ਲੜਕੀ ਨੇ ਪਰਵਾਰ ਦੀ ਸਹਿਮਤੀ ਬਿਨਾਂ ਪ੍ਰੇਮ ਵਿਆਹ ਕੀਤਾ ਸੀ। ਪੁਲਸ ਨੇ ਪ੍ਰੇਮੀ ਦੀ ਸ਼ਿਕਾਇਤ 'ਤੇ ਪਿਓ ਪੁੱਤਰ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਦਰ ਥਾਣਾ ਦੇ ਮੁਖੀ ਇੰਸਪੈਕਟਰ ਗੁਰਦੀਪ ਸਿੰਘ ਸੰਧੂ ਦੇ ਮੁਤਾਬਕ ਸ਼ਿਕਾਇਤ ਕਰਤਾ ਗੁਰਜੰਟ ਸਿੰਘ ਪੁੱਤਰ ਭੀਮ ਰਾਮ ਵਾਸੀ ਪਿੰਡ ਘਿਊਰਾ ਨੇ ਦੱਸਿਆ ਕਿ ਪਿੰਡ ਦੀ 21 ਸਾਲਾ ਲੜਕੀ ਜੋਤੀ ਨਾਲ ਉਸ ਦੇ ਪ੍ਰੇਮ ਸੰਬੰਧ ਸਨ। ਉਨ੍ਹਾਂ ਪਰਵਾਰ ਦੀ ਬਿਨਾਂ ਸਹਿਮਤੀ ਤੋਂ 19 ਮਈ 2019 ਨੂੰ ਖਰੜ ਦੇ ਗੁਰਦੁਆਰਾ 'ਚ ਵਿਆਹ ਕਰਵਾ ਲਿਆ। 20 ਦਿਨ ਤੱਕ ਆਪਣੇ ਕੰਮ ਕਾਰ ਵਾਲੀ ਥਾਂ ਬਲਟਾਨਾ 'ਚ ਪਤੀ-ਪਤਨੀ ਵਜੋਂ ਰਹੇ। ਵਿਆਹ ਦੀ ਸੂਚਨਾ ਹੋਣ 'ਤੇ ਮੋਹਤਬਰ ਲੋਕਾਂ ਵੱਲੋਂ ਉਨ੍ਹਾਂ ਨੂੰ ਪਿੰਡ ਘਿਊਰਾ ਵਿਖੇ ਸੱਦਿਆ ਅਤੇ ਪੰਚਾਇਤੀ ਤੌਰ 'ਤੇ ਦੋਵਾਂ ਦਾ ਤਲਾਕ ਹੋ ਗਿਆ ਤਾਂ ਇਸ ਪਿੱਛੋਂ ਜੋਤੀ ਆਪਣੇ ਪਿਤਾ ਦੇ ਘਰ ਰਹਿਣ ਲੱਗੀ। ਉਹ ਬਲਟਾਨਾ ਚਲਾ ਗਿਆ। ਸ਼ਿਕਾਇਤ ਕਰਤਾ ਅਨੁਸਾਰ 14 ਜੁਲਾਈ ਨੂੰ ਜੋਤੀ ਨੇ ਪਿੰਡ ਵਿੱਚ ਉਸ ਦੇ ਘਰ ਮਾਤਾ-ਪਿਤਾ ਨੂੰ ਮਿਲ ਕੇ ਆਪਣੇ ਪਿਤਾ ਅਤੇ ਭਾਰ ਵੱਲੋਂ ਜਾਨ ਤੋਂ ਮਾਰਨ ਸੰਬੰਧੀ ਸ਼ੱਕ ਜ਼ਾਹਿਰ ਕਰਦੇ ਹੋਏ ਉਸ ਨੂੰ ਸੂਚਨਾ ਦੇ ਕੇ ਆਉਣ ਨੂੰ ਕਿਹਾ। ਉਹ ਰਾਤ 10 ਵਜੇ ਦੇ ਕਰੀਬ ਜੋਤੀ ਨੂੰ ਲਿਜਾਣ ਲਈ ਉਸ ਦੇ ਘਰ ਗਿਆ ਤਾਂ ਉਥੇ ਉਸ ਦੀਆਂ ਚੀਕਾਂ ਦੀ ਆਵਾਜ਼ ਸੁਣਾਈ ਦਿੱਤੀ। ਦਰਵਾਜ਼ੇ ਦੇ ਛੇਕਾਂ 'ਚੋਂ ਉਸ ਨੇ ਵੇਖਿਆ ਉਸ ਦੇ ਭਰਾ ਅਤੇ ਪਿਤਾ ਨੇ ਮਿਲ ਕੇ ਜੋਤੀ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ ਅਤੇ ਲਾਸ਼ ਇੱਕ ਚਾਦਰ ਵਿੱਚ ਬੰਨ੍ਹ ਕੇ ਮੋਟਰ ਸਾਈਕਲ ਰਾਹੀਂ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਲਿਜਾ ਕੇ ਲੱਕੜੀਆਂ 'ਤੇ ਤੇਲ ਪਾ-ਪਾ ਕੇ ਸਾੜ ਦਿੱਤੀ ਹੈ। ਗੁਰਜੰਟ ਸਿੰਘ ਅਨੁਸਾਰ ਇਹ ਸਭ ਵੇਖ ਕੇ ਉਹ ਸਹਿਮ ਗਿਆ ਤੇ ਰਾਤ ਲੁਕ ਕੇ ਆਪਣੇ ਘਰ ਚਲਾ ਗਿਆ। ਅਗਲੇ ਦਿਨ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਇੰਸਪੈਕਟਰ ਗੁਰਦੀਪ ਸਿੰਘ ਸੰਧੂ ਨੇ ਦੱਸਿਆ ਕਿ ਡੀ ਐੱਸ ਪੀ ਜਸਵੰਤ ਸਿੰਘ ਮਾਂਗਟ ਦੀ ਅਗਵਾਈ ਹੇਠ ਉਨ੍ਹਾਂ ਪੁਲਸ ਨਾਲ ਪਹੁੰਚ ਕੇ ਸ਼ਮਸ਼ਾਨਘਾਟ ਵਿੱਚੋਂ ਅਸਥੀਆਂ ਸਮੇਤ ਰਾਖ ਨੂੰ ਕਬਜ਼ੇ ਵਿੱਚ ਲੈ ਲਿਆ। ਇਸ ਨੂੰ ਡੀ ਐੱਨ ਏ ਟੈਸਟ ਲਈ ਲੈਬ ਭੇਜਿਆ ਜਾਵੇਗਾ। ਪੁਲਸ ਨੇ ਪ੍ਰੇਮੀ ਗੁਰਜੰਟ ਸਿੰਘ ਦੇ ਬਿਆਨਾਂ ਦੇ ਆਧਾਰ ਉਤੇ ਲੜਕੀ ਦੇ ਪਿਤਾ ਮਨਜੀਤ ਸਿੰਘ ਅਤੇ ਭਰਾ ਜਿੰਦਰ ਸਿੰਘ ਖਿਲਾਫ ਹੱਤਿਆ ਅਤੇ ਲਾਸ਼ ਖੁਰਦ ਬੁਰਦ ਕਰਨ ਦੀ ਧਾਰਾ 302, 201, 34, 120 ਬੀ ਆਈ ਪੀ ਸੀ ਤਹਿਤ ਮਾਮਲਾ ਦਰਜ ਕਰ ਕੇ ਦੋਵਾਂ ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

# ਅਕਾਲੀ ਦਲ ਕੋਰ ਕਮੇਟੀ ਦੀ ਮੀਟਿੰਗ ਨੇ ਸੀ ਬੀ ਆਈ ਕਲੋਜ਼ਰ ਰਿਪੋਰਟ ਰੱਦ ਕੀਤੀ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਦੀ ਜਾਂਚ ਬਾਰੇ ਸੀ ਬੀ ਆਈ ਦੀ ਕਲੋਜਰ ਰਿਪੋਰਟ ਨੂੰ ਅਕਾਲੀ ਦਲ ਨੇ ਕੱਲ੍ਹ ਰੱਦ ਕਰ ਦਿੱਤਾ ਹੈ। ਪਾਰਟੀ ਨੇ ਐਲਾਨ ਕੀਤਾ ਹੈ ਕਿ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦਿੱਤੀ ਜਾਵੇਗੀ ਤੇ ਕੌਮੀ ਜਾਂਚ ਏਜੰਸੀ ਤੋਂ ਜਾਂਚ ਦੁਬਾਰਾ ਖੁੱਲ੍ਹਵਾਉਣ ਤੇ ਤਸੱਲੀ ਬਖਸ਼ ਸਿੱਟੇ ਉੱਤੇ ਪੁਚਾਉਣ ਲਈ ਪਾਰਟੀ ਸਾਰੇ ਕਾਨੂੰਨੀ, ਸੰਵਿਧਾਨਕ ਤੇ ਸਿਆਸੀ ਕਦਮ ਚੁੱਕੇਗੀ। ਪਾਰਟੀ ਨੇ ਕਿਹਾ ਹੈ ਕਿ ਜਦ ਤੱਕ ਇਸ ਘਿਨੌਣੇ ਅਪਰਾਧ ਦੇ ਦੋਸ਼ੀ ਤੇ ਉਨ੍ਹਾਂ ਦੇ ਆਕਾਵਾਂ ਦਾ ਪਰਦਾ ਫਾਸ਼ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਮਿਸਾਲੀ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਅਕਾਲੀ ਦਲ ਚੁੱਪ ਨਹੀਂ ਬੈਠੇਗਾ। ਇਸ ਬਾਰੇ ਕਾਨੂੰਨੀ ਲੜਾਈ ਤੋਂ ਇਲਾਵਾ ਅਕਾਲੀ ਦਲ ਇਸ ਅਪਰਾਧ ਨਾਲ ਸਿੱਧੇ ਅਤੇ ਅਸਿੱਧੇ ਤੌਰ 'ਤੇ ਜੁੜੇ ਸਾਰੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਤੱਕ ਪਹੁੰਚਾਉਣ ਲਈ ਸਾਰੇ ਸ਼ਾਂਤਮਈ ਅਤੇ ਲੋਕਤੰਤਰੀ ਤਰੀਕੇ ਇਸਤੇਮਾਲ ਕਰੇਗਾ।



*ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸੁਖਬੀਰ ਬਾਦਲ।*

ਕੱਲ੍ਹ ਇਸ ਪਾਰਟੀ ਦੇ ਮੁੱਖ ਦਫਤਰ ਵਿਖੇ ਹੋਈ ਕੋਰ ਕਮੇਟੀ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ। ਇਸ ਬਾਰੇ ਪਾਰਟੀ ਦੇ ਬੁਲਾਰੇ ਹਰਚਰਨ ਬੈਂਸ ਨੇ ਦੱਸਿਆ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਇਹ ਫੈਸਲਾ ਵੀ ਲਿਆ ਗਿਆ ਕਿ ਅਕਾਲੀ ਆਗੂਆਂ ਦਾ ਇੱਕ ਵਫਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਇਸ ਕਲੋਜ਼ਰ ਰਿਪੋਰਟ ਨੂੰ ਵਾਪਸ ਲੈਣ ਲਈ ਉਨ੍ਹਾਂ ਨੂੰ ਦਖਲ ਦੇਣ ਦੀ ਅਪੀਲ ਕਰੇਗਾ। ਵਫਦ ਗ੍ਰਹਿ ਮੰਤਰੀ ਨੂੰ ਇਹ ਜਾਂਚ ਮੁਕੰਮਲ ਕਰਵਾਉਣ ਲਈ ਪਹਿਲ ਦੇ ਆਧਾਰ 'ਤੇ ਉਹ ਸਾਰੇ ਜ਼ਰੂਰੀ ਕਦਮ ਉਠਾਉਣ ਦੀ ਅਪੀਲ ਕਰੇਗਾ, ਜਿਨ੍ਹਾਂ ਨਾਲ ਇਸ ਅਪਰਾਧ ਦੇ ਦੋਸ਼ੀ ਕਾਨੂੰਨ ਦੇ ਸ਼ਿਕੰਜੇ ਵਿੱਚ ਆ ਜਾਣ ਅਤੇ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਮਿਲੇ। ਸੁਖਬੀਰ ਸਿੰਘ ਬਾਦਲ ਨੇ ਦੋਸ਼ਆਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ ਹੈ।

ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਮਗਰੋਂ ਜਾਰੀ ਕੀਤੇ ਬਿਆਨ ਵਿੱਚ ਬੈਂਸ ਨੇ ਦੱਸਿਆ ਕਿ ਇਸ ਦੇ ਨਾਲ ਪਾਰਟੀ ਕਾਨੂੰਨੀ ਮਾਹਰਾਂ ਦੀ ਟੀਮ ਇਹ ਯਕੀਨੀ ਬਣਾਉਣ ਲਈ ਇਹ ਕੇਸ ਅਦਾਲਤ ਵਿੱਚ ਲਿਜਾਵੇਗੀ ਕਿ ਬੇਅਦਬੀ ਦੀਆਂ ਘਟਨਾਵਾਂ ਪਿਛਲੀ ਸਾਜ਼ਿਸ਼ ਦਾ ਪਰਦਾ ਫਾਸ਼ ਹੋ ਜਾਵੇ ਤੇ ਅਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਮਿਸਾਲੀ ਸਜ਼ਾਵਾਂ ਮਿਲਣ, ਤਾਂ ਕਿ ਭਵਿੱਖ ਵਿੱਚ ਕੋਈ ਹੋਰ ਏਦਾਂ ਕਰਨ ਦੀ ਜੁਰੱਅਤ ਨਾ ਕਰੇ। ਉਨ੍ਹਾਂ ਦੱਸਿਆ ਕਿ ਸਿੱਖ ਜਥੇਬੰਦੀਆਂ ਦੇ ਕਹਿਣ ਉਤੇ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਜਿਨ੍ਹਾਂ ਮੁੱਦਿਆਂ ਦੀ ਸੀ ਬੀ ਆਈ ਨੂੰ ਜਾਂਚ ਸੌਂਪੀ ਸੀ, ਉਨ੍ਹਾਂ ਵਿੱਚੋਂ ਕਿਸੇ ਦੀ ਜਾਂਚ ਨਹੀਂ ਹੋਈ ਤਾਂ ਸੀ ਬੀ ਆਈ ਵੱਲੋਂ ਇਸ ਜਾਂਚ ਸੰਬੰਧੀ ਕਲੋਜ਼ਰ ਰਿਪੋਰਟ ਦਾਖਲ ਕਰਨ ਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਦੱਸਿਆ ਕਿ ਸਿੱਖ ਜਥੇਬੰਦੀਆਂ ਕੇਂਦਰੀ ਏਜੰਸੀ ਤੋਂ ਬੇਅਦਬੀ ਦੇ ਕੇਸਾਂ ਦੀ ਜਾਂਚ ਕਰਾਉਣ ਦੀ ਮੰਗ ਕਰਦੀਆਂ ਰਹੀਆਂ ਸਨ, ਕਿਉਂਕਿ ਓਦੋਂ ਦੇ ਆਈ ਜੀ, ਆਈ ਪੀ ਐੱਸ ਸਹੋਤਾ ਅਤੇ ਡੀ ਆਈ ਜੀ, ਆਰ ਐੱਸ ਖੱਟੜਾ ਦੀ ਅਗਵਾਈ ਵਿੱਚ ਪੰਜਾਬ ਪੁਲਸ ਦੀ ਸਪੈਸ਼ਲ ਜਾਂਚ ਟੀਮ ਵੱਲੋਂ ਕੀਤੀ ਜਾਂਦੀ ਜਾਂਚ ਉੱਤੇ ਉਨ੍ਹਾਂ ਨੂੰ ਭਰੋਸਾ ਨਹੀਂ ਸੀ। ਪਾਰਟੀ ਨੇ ਕਿਹਾ ਕਿ ਬੇਅਦਬੀ ਕਾਂਡ ਦੇ ਮੁੱਖ ਦੋਸ਼ੀ ਦੇ ਜੇਲ੍ਹ ਅੰਦਰ ਸ਼ੱਕੀ ਹਾਲਾਤ ਵਿੱਚ ਹੋਏ ਕਤਲ ਨਾਲ ਜੁੜੀਆਂ ਸਾਰੀਆਂ ਘਟਨਾਵਾਂ ਨੂੰ ਡੂੰਘਾਈ ਵਿੱਚ ਜਾਂਚ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਦੋਸ਼ੀ ਨੇ ਨਾ ਸਿਰਫ ਸਾਰੇ ਦੋਸ਼ੀਆਂ ਬਾਰੇ ਠੋਸ ਸਬੂਤ ਦਿੱਤੇ ਹੋ ਸਕਦੇ ਹਨ, ਸਗੋਂ ਇਹ ਵੀ ਹੋ ਸਕਦਾ ਹੈ ਕਿ ਉਸ ਨੇ ਇਨ੍ਹਾਂ ਸ਼ਰਮਨਾਕ ਘਟਨਾਵਾਂ ਪਿਛਲੀ ਸਾਜ਼ਿਸ਼ ਦੇ ਅਸਲੀ ਸਾਜ਼ਿਸ਼ਕਾਰਾਂ ਬਾਰੇ ਕੋਈ ਅਹਿਮ ਜਾਣਕਾਰੀ ਸਾਂਝੀ ਕੀਤੀ ਹੋਵੇ।

## ਐੱਸ ਵਾਈ ਐੱਲ ਵਾਲੀ ਜ਼ਮੀਨ ਦੀ ਕਿਸਾਨਾਂ ਨੂੰ ਵਾਪਸੀ ਦੀ ਆਸ ਖਤਮ ਹੋਣ ਲੱਗੀ

ਪਟਿਆਲਾ, 17 ਜੁਲਾਈ (ਪੋਸਟ ਬਿਊਰੋ)- ਸਤਲੁਜ-ਯੁਮਨਾ ਲਿੰਕ ਨਹਿਰ ਵਿੱਚ ਪਾਣੀ ਭਾਵੇਂ ਕਦੇ ਆਵੇ ਜਾਂ ਨਾ, ਕਈ ਏਕੜ ਵਿੱਚ ਫੈਲੀ ਇਸ ਨਹਿਰ ਵਿੱਚ ਸਿਆਸੀ ਹੜ੍ਹ ਆਇਆ ਰਹਿੰਦਾ ਹੈ। 38 ਸਾਲਾਂ ਬਾਅਦ ਸੈਂਕੜੇ ਕਿਸਾਨਾਂ ਲਈ ਆਪਣੀਆਂ ਜ਼ਮੀਨਾਂ ਵਾਪਸ ਮੁੜਨ ਦੀ ਆਸ ਖਤਮ ਹੁੰਦੀ ਜਾਂਦੀ ਹੈ, ਉਥੇ ਹਰ ਸਿਆਸੀ ਪਾਰਟੀ ਨਹਿਰ ਵਿੱਚੋਂ ਆਪਣੀ ਬੇੜੀ ਪਾਰ ਲਾਉਣਾ ਚਾਹੁੰਦੀ ਹੈ। ਤਿੰਨ ਸਾਲ ਪਹਿਲਾਂ ਮਾਲਕੀ ਵਾਲੀਆਂ ਫਰਦਾਂ ਕਿਸਾਨਾਂ ਨੂੰ ਮਿਲ ਚੁੱਕਣ ਪਿੱਛੋਂ ਜ਼ਮੀਨਾਂ ਨਾ ਮਿਲਣ ਕਾਰਨ ਇਹ ਫਰਦਾਂ ਸਿਰਫ ਕਾਗਜ਼ ਬਣ ਕੇ ਰਹਿ ਗਈਆਂ ਹਨ।

ਅਸਲ ਵਿੱਚ ਪੰਜਾਬ ਤੇ ਹਰਿਆਣਾ ਸਰਹੱਦ 'ਤੇ ਪੈਂਦੇ ਸਰਾਲਾ ਕਲਾਂ ਤੋਂ ਸ਼ੁਰੂ ਹੋਣ ਵਾਲੀ ਐਸ ਵਾਈ ਐਲ ਨਹਿਰ ਦੇ ਕੰਮ ਦੀ ਸ਼ੁਰੂਆਤ ਪਿੰਡ ਕਪੂਰੀ ਵਿੱਚ 1982 ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਚਾਂਦੀ ਦੀ ਕਹੀ ਨਾਲ ਟੱਕ ਲਾ ਕੇ ਕੀਤੀ ਗਈ ਸੀ। ਇਸ ਸ਼ੁਰੂਆਤ ਦੇ ਨਾਲ ਨਹਿਰ ਦੇ ਬਣਨ ਦਾ ਵਿਰੋਧ ਸ਼ੁਰੂ ਹੋ ਗਿਆ। ਪੰਜਾਬ ਵਿੱਚ ਪਾਣੀਆਂ ਦੇ ਮੁੱਦੇ ਨੂੰ ਧੁਰਾ ਬਣਾ ਕੇ ਇਸ ਨਹਿਰ ਦੇ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਾਇਆ ਅਤੇ 38 ਸਾਲਾਂ ਬਾਅਦ ਵੀ ਸਿਆਸੀ ਧਿਰਾਂ ਇਸ ਨਹਿਰ ਬਾਰੇ ਕੋਈ ਸਹਿਮਤੀ ਕਰਨ ਨੂੰ ਤਿਆਰ ਨਹੀਂ।

ਦੂਜੇ ਪਾਸੇ ਨਹਿਰ ਲਈ ਆਪਣੀਆਂ ਉਪਜਾਊ ਜ਼ਮੀਨਾਂ ਦੇਣ ਵਾਲੇ ਕਿਸਾਨ ਵੀ ਕਸੂਤੀ ਸਥਿਤੀ ਵਿੱਚ ਹਨ। ਐਸ ਵਾਈ ਐਲ ਨਹਿਰ ਲਈ ਚਾਰ ਜ਼ਿਲਿਆਂ ਦੇ 202 ਪਿੰਡਾਂ ਦੀ ਕੁੱਲ 4261 ਏਕੜ ਜ਼ਮੀਨ ਐਕਵਾਇਰ ਕੀਤੀ ਗਈ ਸੀ। ਸਾਲ 2016 'ਚ ਨਹਿਰ ਬਾਰੇ ਸਿਆਸੀ ਰੌਲਾ ਪਿਆ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਵਾਪਸ ਮਿਲਣ ਦੀ ਆਸ ਜਾਗੀ ਅਤੇ ਓਦੋਂ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਰੋਪੜ, ਫਤਹਿਗੜ੍ਹ ਸਾਹਿਬ, ਮੋਹਾਲੀ ਅਤੇ ਪਟਿਆਲਾ ਜ਼ਿਲੇ ਦੇ 202 ਪਿੰਡਾਂ ਦੇ ਕਿਸਾਨਾਂ ਦੇ ਸਪੁਰਦ ਉਨ੍ਹਾਂ ਦੀ ਜ਼ਮੀਨ ਦੀ ਮਾਲਕੀ ਦੀਆਂ ਫਰਦਾਂ ਕੀਤੀਆਂ ਸਨ। ਤਿੰਨ ਸਾਲ ਬੀਤਣ ਤੋਂ ਬਾਅਦ ਵੀ ਫਰਦਾਂ ਹਾਸਲ ਕਰਨ ਵਾਲੇ ਕਿਸਾਨਾਂ ਦੇ ਹੱਥ ਖਾਲੀ ਹੀ ਹਨ।

# ਪੰਜਾਬ ’ਚ ਐਟਮੀ ਬਿਜਲੀ ਪਲਾਂਟ ਲਾਉਣ ਦਾ ਮੁੱਦਾ ਫਿਰ ਭਖਿਆ

ਪਟਿਆਲਾ, 17 ਜੁਲਾਈ (ਪੋਸਟ ਬਿਊਰੋ)- ਪੰਜਾਬ 'ਚ ਐਟਮੀ ਬਿਜਲੀ ਪਲਾਂਟ ਲਾਉਣ ਦਾ ਮਾਮਲਾ ਇਕ ਵਾਰ ਫਿਰ ਭਖ ਪਿਆ ਹੈ। ਕਰੀਬ ਦੋ ਦਹਾਕੇ ਪਹਿਲਾਂ ਪੰਜਾਬ ਦੇ ਪਹਿਲੇ ਐਟਮੀ ਪਲਾਂਟ ਨੂੰ ਪਟਿਆਲਾ ਜ਼ਿਲੇ ਦੇ ਪਿੰਡ ਡਰੌਲੀ, ਪਾਤੜਾਂ ਵਿੱਚ ਲਾਉਣ ਦੀ ਕੇਂਦਰ ਦੀ ਵਾਜਪਾਈ ਸਰਕਾਰ ਵੱਲੋਂ ਕੋਸ਼ਿਸ਼ ਹੋਈ ਸੀ। ਉਦੋਂ ਇਸ ਪਲਾਂਟ ਬਾਰੇ ਤਕਨੀਕੀ ਪੱਖਾਂ ਦੇ ਸਾਰੇ ਪਹਿਲੂਆਂ ਵਾਤਾਵਰਨ, ਭੂਚਾਲ, ਸੁਰੱਖਿਆ ਤੇ ਰੇਡੀਓ ਐਕਟੀਵਿਟੀ ਦੇ ਤੋਂ ਸਰਵੇ ਤੇ ਸਮੀਖਿਆ ਹੋਈ ਸੀ। ਅੱਜਕੱਲ ਇਕ ਵਾਰ ਫਿਰ ਕੇਂਦਰ ਸਰਕਾਰ ਨੇ ਪੰਜਾਬ ਅੰਦਰ ਐਟਮੀ ਬਿਜਲੀ ਪਲਾਂਟ ਲਾਉਣ ਦਾ ਐਲਾਨ ਕਰਕੇ ਮਾਮਲੇ ਨੂੰ ਮੁੜ ਤੋਂ ਗਰਮਾ ਦਿੱਤਾ ਹੈ, ਜਿਸ ਬਾਰੇ ਬਹਿਸ ਚੱਲ ਪਈ ਹੈ।



ਐਟਮੀ ਤੇ ਨਵਿਆਉਣ ਯੋਗ ਊਰਜਾ ਮੰਤਰੀ ਜਤਿੰਦਰ ਸਿੰਘ ਨੇ ਪਿਛਲੇ ਦਿਨੀਂ ਪਾਰਲੀਮੈਂਟ ਵਿੱਚ ਪੰਜਾਬ ਵਿੱਚ ਐਟਮੀ ਪਲਾਂਟ ਲਾਉਣ ਬਾਰੇ ਬਿਆਨ ਦਿੱਤਾ ਤਾਂ ਇਸ ਨਾਲ ਮਾਮਲਾ ਅੱਜ ਕੱਲ੍ਹ ਸੁਰਖੀਆਂ 'ਚ ਹੈ। ਹੈਰਾਨੀ ਇਹ ਹੈ ਕਿ ਭਾਵੇਂ ਪੰਜਾਬ 'ਚ ਪਹਿਲਾਂ ਹੀ ਬਿਜਲੀ ਵਾਧੂ ਹੈ ਤੇ ਫਾਲਤੂ ਬਿਜਲੀ ਲਈ ਕੋਈ ਖਰੀਦਦਾਰ ਨਹੀਂ ਮਿਲ ਰਿਹਾ, ਇਸ ਦੇ ਬਾਵਜੂਦ ਕੇਂਦਰ ਸਰਕਾਰ ਦੇ ਏਜੰਡੇ ਵਿੱਚ ਪੰਜਾਬ 'ਚ ਐਟਮੀ ਬਿਜਲੀ ਪਲਾਂਟ ਆ ਗਿਆ ਹੈ। ਜਦੋਂ ਡਰੌਲੀ ਇਲਾਕੇ 'ਚ 'ਨਿਊਕਲੀਅਰ ਪਾਵਰ ਕਾਰਪੋਰੇਸ਼ਨ ਲਿਮਟਿਡ' ਆਦਿ ਦੌਰਾ ਕਰ ਰਹੀਆਂ ਸਨ ਤਾਂ ਉਦੋਂ ਢਾਈ ਦਰਜਨ ਪਿੰਡਾਂ ਦੇ ਲੋਕਾਂ ਨੇ 'ਐਟਮੀ ਬਿਜਲੀ ਪਲਾਂਟ ਵਿਰੋਧੀ ਐਕਸ਼ਨ ਕਮੇਟੀ' ਬਣਾ ਕੇ ਇਸ ਪਲਾਂਟ ਨੂੰ ਜਰਖੇਜ਼ ਜ਼ਮੀਨ ਅਤੇ ਸੰਘਣੀ ਆਬਾਦੀ ਵਾਲੇ ਇਲਾਕੇ 'ਚੋਂ ਬਾਹਰ ਲਿਜਾਣ ਦਾ ਸੰਘਰਸ਼ ਛੇੜਿਆ ਸੀ। ਇਸ ਸੰਘਰਸ਼ 'ਚ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਨੇ ਵੀ ਸ਼ਾਮਲ ਹੋ ਕੇ ਕੇਂਦਰ ਦੀ ਵਾਜਪਾਈ ਸਰਕਾਰ ਨੂੰ ਇਸ ਪਲਾਂਟ ਨੂੰ ਇਲਾਕੇ 'ਚੋਂ ਬਾਹਰ ਲਿਜਾਣ ਲਈ ਮਜਬੂਰ ਕੀਤਾ ਸੀ। ਪਰਨੀਤ ਕੌਰ ਦੀ ਅਗਵਾਈ ਹੇਠ ਇਕ ਉਚ ਪੱਧਰੀ ਵਫਦ ਓਦੋਂ ਕੇਂਦਰੀ ਊਰਜਾ ਮੰਤਰੀ ਸੁਰੇਸ਼ ਪ੍ਰਭੂ ਨੂੰ ਮਿਲਿਆ ਸੀ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 1997 ਤੋਂ 2002 ਦੀ ਸਰਕਾਰ ਦੌਰਾਨ ਉਦੋਂ ਦੇ ਪ੍ਰਧਾਨ ਮੰਤਰੀ ਮਰਹੂਮ ਅਟਲ ਬਿਹਾਰੀ ਵਾਜਪਾਈ ਤੋਂ ਪੰਜਾਬ ਲਈ ਐਟਮੀ ਪਲਾਂਟ ਦੀ ਮੰਗ ਕੀਤੀ ਸੀ, ਜਿਸ 'ਤੇ ਵਾਜਪਾਈ ਸਰਕਾਰ ਨੇ ਪੰਜਾਬ 'ਚ ਐਟਮੀ ਪਲਾਂਟ ਸਥਾਪਤ ਕਰਨ ਦੀ ਕੋਸ਼ਿਸ਼ ਆਰੰਭੀ ਸੀ।

# 550ਵੇਂ ਪ੍ਰਕਾਸ਼ ਪੁਰਬ ਉਤੇ ਪੰਜਾਬ ਨੂੰ ਇੱਕ ਹੋਰ ਏਮਜ਼ ਦੇਣ ਦੇ ਲਈ ਕੇਂਦਰ ਸਹਿਮਤ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਕੇਂਦਰੀ ਸਿਹਤ ਮੰਤਰੀ ਡਾਕਟਰ ਹਰਸ਼ਵਰਧਨ ਨੇ ਪੰਜਾਬ ਵਿੱਚ ਦੂਜੇ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਨ ਬਾਰੇ ਸੂਬੇ ਤੋਂ ਵਿਸਥਾਰਤ ਮਤੇ ਦੀ ਮੰਗ ਕੀਤੀ ਹੈ। ਕੇਂਦਰੀ ਸਿਹਤ ਮੰਤਰੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਬੇਨਤੀ ਦੇ ਸੰਬੰਧ ਵਿੱਚ ਇਹ ਪਰਪੋਜ਼ਲ ਮੰਗੀ ਹੈ।



ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੱਲ੍ਹ ਇਥੇ ਮੀਟਿੰਗ ਦੌਰਾਨ ਡਾਕਟਰ ਹਰਸ਼ਵਰਧਨ ਕੋਲ ਇਹ ਮੁੱਦਾ ਉਠਾਇਆ ਸੀ। ਉਨ੍ਹਾਂ ਦੱਸਿਆ ਕਿ ਕੇਂਦਰੀ ਸਿਹਤ ਅਤੇ ਵਿੱਤ ਮੰਤਰੀ ਨੂੰ ਭੇਜੇ ਵੱਖੋ-ਵੱਖਰੇ ਪੱਤਰਾਂ ਵਿੱਚ ਪੰਜਾਬ ਵਿੱਚ ਦੂਜੇ ਏਮਜ਼ ਨੂੰ ਇਸ ਮੌਕੇ ਸਮਰਪਿਤ ਕਰਨ ਲਈ ਕੇਂਦਰ ਤੋਂ ਆਗਿਆ ਮੰਗੀ ਸੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਵਿੱਤ ਮੰਤਰੀ ਨੇ ਕੇਂਦਰੀ ਬਜਟ ਜਾਰੀ ਹੋਣ ਤੋਂ ਬਾਅਦ ਇਹ ਵਿਚਾਰ ਦਾ ਭਰੋਸਾ ਦਿੱਤਾ ਸੀ। ਪਹਿਲਾ ਏਮਜ਼ ਬਠਿੰਡਾ ਵਿਖੇ ਬਣਦਾ ਪਿਆ ਹੈ। ਪੰਜਾਬ ਨੂੰ ਦੂਜੇ ਏਮਜ਼ ਦਾ ਪ੍ਰਸਤਾਵ ਲੁਧਿਆਣਾ ਜਾਂ ਜਲੰਧਰ ਵਿਖੇ ਕੀਤਾ ਹੈ।

ਕੇਂਦਰੀ ਸਿਹਤ ਮੰਤਰੀ ਨਾਲ ਮੀਟਿੰਗ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ 250 ਕਰੋੜ ਰੁਪਏ ਦੀ ਲਾਗਤ ਵਾਲੀ ਜਲੰਧਰ ਵਿਖੇ ਪਿਮਸ (ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼) ਇਮਾਰਤ ਨੂੰ ਇਸ ਮਕਸਦ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਏਮਜ਼ ਦੇ ਬਠਿੰਡਾ ਪ੍ਰੋਜੈਕਟ ਲਈ ਸੂਬਾ ਸਰਕਾਰ ਵੱਲੋਂ ਸਾਰੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਕੁਝ ਵੀ ਪੈਂਡਿੰਗ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਡਾਕਟਰ ਵਰਧਨ ਨੇ ਇਸ ਪ੍ਰਸਤਾਵ ਨੂੰ ਪ੍ਰਾਪਤ ਕਰਨ ਪਿੱਛੋਂ ਇਸ ਮੰਗ ਬਾਰੇ ਵਿਚਾਰ ਕਰਨ ਦਾ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਪ੍ਰਿੰਸੀਪਲ ਸੈਕਟਰੀ ਨੂੰ ਕੇਂਦਰੀ ਸਿਹਤ ਸੈਕਟਰੀ ਕੋਲ ਇਹ ਮਾਮਲਾ ਅੱਗੇ ਲਿਜਾਣ ਨੂੰ ਕਿਹਾ ਹੈ। ਉਨ੍ਹਾਂ ਨੇ ਫਿਰੋਜ਼ਪੁਰ ਵਿਖੇ ਪੀ ਜੀ ਆਈ ਸੈਟੇਲਾਈਟ ਸੈਂਟਰ ਦੀ ਪ੍ਰਵਾਨਗੀ ਬਾਰੇ ਵੀ ਕੇਂਦਰ ਮੰਤਰੀ ਤੋਂ ਮੰਗ ਕੀਤੀ ਹੈ। ਸੂਬਾ ਸਰਕਾਰ ਨੇ ਇਸ ਵਾਸਤੇ ਜ਼ਮੀਨ ਪੀ ਜੀ ਆਈ ਨੂੰ ਤਬਦੀਲ ਕਰ ਦਿੱਤੀ ਹੈ, ਪਰ ਇਸ ਬਾਰੇ ਫਾਈਲ ਕੇਂਦਰੀ ਸਿਹਤ ਮੰਤਰਾਲੇ ਕੋਲ ਪ੍ਰਵਾਨਗੀ ਲਈ ਲੰਬਿਤ ਪਈ ਹੋਈ ਹੈ। ਮੁੱਖ ਮੰਤਰੀ ਦੇ ਅਨੁਸਾਰ ਫਿਰੋਜ਼ਪੁਰ ਸਰਹੱਦੀ ਜ਼ਿਲ੍ਹਾ ਹੈ ਅਤੇ ਵਿਕਾਸ ਲਈ ਨੀਤੀ ਆਯੋਗ ਵੱਲੋਂ ਚੁਣੇ ਗਏ 120 ਪੱਛੜੇ ਜ਼ਿਲ੍ਹਿਆਂ 'ਚੋਂ ਇੱਕ ਹੈ। ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਨਸ਼ਿਆਂ ਦੇ ਇਲਾਜ ਲਈ ਕੇਂਦਰੀ ਸਹਾਇਤਾ ਦੀ ਮੰਗ ਕੀਤੀ ਹੈ।

## ਬਰਾਂਡਿਡ ਕੰਪਨੀ ਦਾ ਜਾਅਲੀ ਸਮਾਨ ਵੇਚਦੀਆਂ ਦੁਕਾਨਾਂ 'ਤੇ ਛਾਪੇ

ਜਲੰਧਰ, 17 ਜੁਲਾਈ (ਪੋਸਟ ਬਿਊਰੋ)- ਥਾਣਾ ਨੰਬਰ ਤਿੰਨ ਦੀ ਹੱਦ ਵਿਚਲੇ ਅਟਾਰੀ ਬਾਜ਼ਾਰ 'ਚ ਲੈਕਮੇ ਅਤੇ ਲੋਰੀਅਲ ਵਰਗੀਆਂ ਬਰਾਂਡਿਡ ਕੰਪਨੀਆਂ ਦੇ ਜਾਅਲੀ ਸਮਾਨ ਵੇਚਣ ਵਾਲੀਆਂ ਦੁਕਾਨਾਂ 'ਤੇ ਕੰਪਨੀ ਦੇ ਅਧਿਕਾਰੀਆਂ ਤੇ ਪੁਲਸ ਵੱਲੋਂ ਛਾਪੇਮਾਰੀ ਦੌਰਾਨ ਕੁਝ ਦੁਕਾਨਾਂ ਤੋਂ ਲੱਖਾਂ ਰੁਪਏ ਦੇ ਜਾਅਲੀ ਉਤਪਾਦ ਬਰਾਮਦ ਕੀਤੇ ਗਏ ਹਨ।

ਇਸ ਸੰਬੰਧ ਵਿੱਚ ਥਾਣਾ ਤਿੰਨ ਦੇ ਮੁਖੀ ਸਬ ਇੰਸਪੈਕਟਰ ਰੇਸ਼ਮ ਸਿੰਘ ਨੇ ਦੱਸਿਆ ਉਨ੍ਹਾਂ ਨੂੰ ਲੈਕਮੇ ਤੇ ਲੋਰੀਅਲ ਕੰਪਨੀ ਦੀ ਅਧਿਕਾਰੀ ਨਇਨ ਤਾਰਾ ਨੇ ਸ਼ਿਕਾਇਤ ਦਿੱਤੀ ਸੀ ਕਿ ਕੰਪਨੀ ਦੇ ਜਾਅਲੀ ਸਾਮਾਨ ਅਟਾਰੀ ਬਾਜ਼ਾਰ ਵਿੱਚ ਕੁਝ ਦੁਕਾਨਦਾਰ ਵੇਚ ਰਹੇ ਸਨ, ਜਿਸ ਉਤੇ ਕੰਪਨੀ ਦੇ ਅਧਿਕਾਰੀਆਂ ਦੇ ਨਾਲ ਪੁਲਸ ਨੇ ਕੁਝ ਦੁਕਾਨਾਂ ਉੱਤੇ ਛਾਪੇਮਾਰੀ ਕੀਤੀ। ਇਸ ਦੀ ਖਬਰ ਮਿਲਦਿਆਂ ਸਾਰ ਦੁਕਾਨਦਾਰ ਆਪਣੀਆਂ ਦੁਕਾਨਾਂ ਤੋਂ ਜਾਅਲੀ ਸਮਾਨ ਕੱਢ ਕੇ ਇਧਰ ਉਧਰ ਕਰਨ ਲੱਗ ਪਏ ਤੇ ਕਈ ਦੁਕਾਨਾਂ ਬੰਦ ਕਰਕੇ ਚਲੇ ਗਏ। ਕੰਪਨੀ ਦੇ ਅਧਿਕਾਰੀਆਂ ਦੀ ਟੀਮ ਨੇ ਜਿਨ੍ਹਾਂ ਦੁਕਾਨਾਂ 'ਤੇ ਛਾਪੇਮਾਰੀ ਕੀਤੀ, ਉਥੋਂ ਲੱਖਾਂ ਰੁਪਏ ਦੇ ਜਾਅਲੀ ਸਾਮਾਨ ਪੁਲਸ ਨੇ ਕਬਜ਼ੇ ਵਿੱਚ ਲੈ ਲਏ ਹਨ। ਅਟਾਰੀ ਬਾਜ਼ਾਰ ਵਿੱਚ ਛਾਪੇਮਾਰੀ ਕਰਨ ਤੋਂ ਬਾਅਦ ਕੰਪਨੀ ਦੇ ਅਧਿਕਾਰੀ ਤੇ ਪੁਲਸ ਮੀਨਾ ਬਾਜ਼ਾਰ ਅਤੇ ਸ਼ੇਖਾਂ ਬਾਜ਼ਾਰ ਦੀਆਂ ਦੁਕਾਨਾਂ 'ਤੇ ਪਹੁੰਚੇ ਅਤੇ ਉਥੋਂ ਵੀ ਲੱਖਾਂ ਰੁਪਏ ਦਾ ਮਾਲ ਜ਼ਬਤ ਕੀਤਾ। ਥਾਣਾ ਤਿੰਨ ਦੇ ਮੁਖੀ ਰੇਸ਼ਮ ਸਿੰਘ ਨੇ ਦੱਸਿਆ ਕਿ ਕੰਪਨੀ ਅਧਿਕਾਰੀ ਹਾਲੇ ਸਿਰਫ ਥਾਣੇ ਵਿੱਚ ਸਾਮਾਨ ਜਮ੍ਹਾਂ ਕਰਵਾ ਕੇ ਗਏ ਹਨ ਤੇ ਉਨ੍ਹਾਂ ਵੱਲੋਂ ਦੁਕਾਨਦਾਰਾਂ ਖਿਲਾਫ ਕੇਸ ਦਰਜ ਕਰਨ ਲਈ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਜਦੋਂ ਪੁਲਸ ਕੋਲ ਜਾਣਕਾਰੀ ਆਵੇਗੀ ਤਾਂ ਦੁਕਾਨਦਾਰਾਂ ਖਿਲਾਫ ਮਾਮਲਾ ਦਰਜ ਕਰ ਦਿੱਤਾ ਜਾਵੇਗਾ।

## ਫਤਾਹਪੁਰ ਜੇਲ੍ਹ ਵਿੱਚ ਕੈਦੀ ਦੀ ਮੌਤ ਪਿੱਛੋਂ ਪੁਲਸ ਉਤੇ ਦੋਸ਼ ਲੱਗੇ



ਛੇਹਰਟਾ, 17 ਜੁਲਾਈ (ਪੋਸਟ ਬਿਊਰੋ)- ਨੌਜਵਾਨ ਨੂੰ ਪੁੱਛ ਪੜਤਾਲ ਲਈ ਲਿਆਉਣ ਤੇ ਪਰਚਾ ਦਰਜ ਕਰ ਕੇ ਜੇਲ੍ਹ ਭੇਜਣ ਅਤੇ ਜੇਲ੍ਹ ਵਿੱਚ ਹੋਈ ਉਸ ਦੀ ਮੌਤ ਪਿੱਛੋਂ ਪੁਲਸ 'ਤੇ ਗੰਭੀਰ ਦੋਸ਼ ਲੱਗੇ ਹਨ।

ਮ੍ਰਿਤਕ ਦੇ ਭਰਾ ਅਮਨਦੀਪ ਸਿੰਘ ਵਾਸੀ ਭੱਲਾ ਕਾਲੋਨੀ ਨੇ ਦੋਸ਼ ਲਾਏ ਹਨ ਕਿ ਥਾਣਾ ਮੁਖੀ ਰਾਜਵਿੰਦਰ ਕੌਰ ਵੱਲੋਂ ਜੱਜਬੀਰ ਸਿੰਘ ਨੂੰ ਚੌਂਕੀ ਟਾਊਨ ਛੇਹਰਟਾ ਵਿੱਚ ਪੁੱਛਗਿੱਛ ਲਈ ਬੁਲਾਇਆ ਸੀ, ਜਿਸ ਦੇ ਕਹਿਣ 'ਤੇ ਉਨ੍ਹਾਂ ਜੱਜਬੀਰ ਨੂੰ ਥਾਣਾ ਮੁਖੀ ਰਾਜਵਿੰਦਰ ਕੌਰ ਦੇ ਸਾਹਮਣੇ 14 ਜੂਨ ਨੂੰ ਪੇਸ਼ ਕੀਤਾ ਸੀ। ਇਸ ਤੋਂ ਬਾਅਦ ਥਾਣਾ ਮੁਖੀ ਰਾਜਵਿੰਦਰ ਕੌਰ ਨੇ ਕਿਹਾ ਕਿ ਜੱਜਬੀਰ ਸਿੰਘ ਤੋਂ ਪੁੱਛਗਿੱਛ ਤੋਂ ਬਾਅਦ ਉਹ ਘਰ ਭੇਜ ਦੇਣਗੇ, ਪਰ ਸ਼ਾਮ ਨੂੰ ਰਾਜਵਿੰਦਰ ਕੌਰ ਨੇ ਜੱਜਬੀਰ ਦੇ ਖਿਲਾਫ ਪਰਚਾ ਕੱਟ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਜੱਜਬੀਰ ਨਾਲ ਕਈ ਵਾਰ ਜੇਲ੍ਹ ਵਿੱਚ ਫੋਨ 'ਤੇ ਗੱਲਬਾਤ ਹੁੰਦੀ ਸੀ। ਕੱਲ੍ਹ ਸਵੇਰੇ ਉਨ੍ਹਾਂ ਨੂੰ ਜੇਲ੍ਹ ਤੋਂ ਕਿਸੇ ਦਾ ਫੋਨ ਆਇਆ ਕਿ ਜੱਜਬੀਰ ਦੀ ਸਿਹਤ ਠੀਕ ਨਹੀਂ। ਫੇਰ ਇਕ ਘੰਟੇ ਬਾਅਦ ਪੁਲਸ ਦਾ ਫੋਨ ਆਇਆ ਕਿ ਜੱਜਬੀਰ ਨੂੰ ਹਸਪਤਾਲ ਲਿਆਂਦਾ ਗਿਆ ਹੈ, ਜਿਥੇ ਉਸ ਦੀ ਮੌਤ ਹੋ ਗਈ ਹੈ। ਉਹ ਪਰਵਾਰ ਸਮੇਤ ਸਿਵਲ ਹਸਪਤਾਲ ਪੁੱਜੇ, ਪਰ ਉਥੇ ਕਿਸੇ ਡਾਕਟਰ ਨੇ ਲਾਸ਼ ਨਹੀਂ ਵੇਖਣ ਦਿੱਤੀ। ਉਨ੍ਹਾਂ ਕਿਹਾ ਸੀ ਕਿ ਪੁਲਸ ਕਾਰਵਾਈ ਕਰੇਗੀ, ਫੇਰ ਲਾਸ਼ ਕੋਲ ਕਿਸੇ ਨੂੰ ਜਾਣ ਦੇਣਗੇ। ਪਰਵਾਰ ਮੁਤਾਬਕ ਜੱਜਬੀਰ ਦੀ ਲਾਸ਼ ਲੈਣ ਲਈ ਕਈ ਵਾਰ ਪੁਲਸ ਨੂੰ ਮਿਲਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਮੁਲਾਜ਼ਮ ਉਥੇ ਨਹੀਂ ਆਇਆ। ਦੋ ਵਜੇ ਦੇ ਕਰੀਬ ਪੁਲਸ ਮੁਲਾਜ਼ਮ ਹਸਪਤਾਲ ਪੁੱਜੇ ਤੇ ਕਾਗਜ਼ੀ ਕਾਰਵਾਈ ਮਗਰੋਂ ਤਿੰਨ ਵਜੇ ਦੇ ਕਰੀਬ ਜੱਜਬੀਰ ਦੀ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ। ਪੀੜਤ ਪਰਵਾਰ ਨੇ ਦੋਸ਼ ਲਾਇਆ ਹੈ ਕਿ ਪੁਲਸ ਪੂਰੀ ਗੱਲ ਨਹੀਂ ਦੱਸ ਰਹੀ।

# 200 ਨਾਜਾਇਜ਼ ਇਮਾਰਤਾਂ ਦੀ ਰਿਪੋਰਟ ਹਾਈ ਕੋਰਟ ਨੂੰ ਸੌਂਪੀ

ਜਲੰਧਰ, 17 ਜੁਲਾਈ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਨਾਜਾਇਜ਼ ਉਸਾਰੀਆਂ ਦੇ ਖਿਲਾਫ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਜਨਹਿਤ ਪਟੀਸ਼ਨ ਉਤੇ ਮੰਗੇ ਗਏ ਜਵਾਬ ਉੱਤੇ ਜਲੰਧਰ ਨਗਰ ਨਿਗਮ ਨੇ ਕੱਲ੍ਹ ਕੋਰਟ ਵਿੱਚ ਇੱਕ ਰਿਪੋਰਟ ਪੇਸ਼ ਕਰ ਦਿੱਤੀ ਹੈ। ਕੋਰਟ ਨੇ ਕਰੀਬ 250 ਨਾਜਾਇਜ਼ ਇਮਾਰਤਾਂ ਬਾਰੇ ਰਿਪੋਰਟ ਮੰਗੀ ਸੀ। ਨਿਗਮ ਨੇ ਕਰੀਬ 200 ਇਮਾਰਤਾਂ ਦੀ ਰਿਪੋਰਟ ਦੇ ਦਿੱਤੀ ਹੈ। ਪਟੀਸ਼ਨ 'ਤੇ ਹਾਈ ਕੋਰਟ ਵਿੱਚ ਸੁਣਵਾਈ 23 ਜੁਲਾਈ ਨੂੰ ਹੋਣੀ ਹੈ। ਨਗਰ ਨਿਗਮ ਨੂੰ ਪੈਂਡਿੰਗ ਰਿਪੋਰਟ 23 ਜੁਲਾਈ ਤੋਂ ਪਹਿਲਾਂ ਜਮ੍ਹਾਂ ਕਰਾਉਣੀ ਪਵੇਗੀ।





ਵਰਨਣ ਯੋਗ ਹੈ ਕਿ ਆਰ ਟੀ ਆਈ ਐਕਟੀਵਿਸਟ ਸਿਮਰਨਜੀਤ ਸਿੰਘ ਨੇ ਜਨਹਿਤ ਪਟੀਸ਼ਨ ਰਾਹੀਂ ਇਹ ਦੋਸ਼ ਲਾਇਆ ਹੈ ਕਿ ਨਗਰ ਨਿਗਮ ਦਾ ਬਿਲਡਿੰਗ ਡਿਪਾਰਟਮੈਂਟ ਇਸ ਸ਼ਹਿਰ ਵਿਚ ਬਿਲਡਿੰਗ ਬਾਇਲਾਜ ਤੋੜਨ ਵਾਲੇ ਲੋਕਾਂ ਉੱਤੇ ਕਾਰਵਾਈ ਨਹੀਂ ਕਰ ਰਿਹਾ ਅਤੇ ਬਿਨਾਂ ਮਨਜ਼ੂਰੀ ਮੇਨ ਰੋਡਸ ਉੱਤੇ ਬਣਦੀਆਂ ਇਮਾਰਤਾਂ ਨਾਲ ਟਰੈਫਿਕ ਸਿਸਟਮ ਵੀ ਵਿਗੜ ਗਿਆ ਹੈ। ਕਮਰਸ਼ੀਅਲ ਬਿਲਡਿੰਗਾਂ ਵਿੱਚ ਪਾਰਕਿੰਗ ਲਈ ਬੇਸਮੈਂਟ ਬਣਾਈ ਜਾਣੀ ਜ਼ਰੂਰੀ ਹੈ, ਪਰ ਇਨ੍ਹਾਂ ਦੀ ਕਮਰਸ਼ੀਅਲ ਵਰਤੋਂ ਕੀਤੀ ਜਾ ਰਹੀ ਹੈ ਅਤੇ ਗੱਡੀਆਂ ਸੜਕਾਂ 'ਤੇ ਖੜ੍ਹੀਆਂ ਹੁੰਦੀਆਂ ਹਨ ਅਤੇ ਟਰੈਫਿਕ ਜਾਮ ਕਾਰਨ ਜਨਤਾ ਨੂੰ ਪ੍ਰੇਸ਼ਾਨ ਹੋਣਾ ਪੈਂਦਾ ਹੈ। ਇਸ ਪਟੀਸ਼ਨ ਉੱਤੇ ਹਾਈ ਕੋਰਟ ਨੇ 17 ਮਈ ਨੂੰ ਲੋਕਲ ਬਾਡੀ ਵਿਭਾਗ ਦੇ ਸੈਕਟਰੀ, ਡਿਪਟੀ ਕਮਿਸ਼ਨਰ ਅਤੇ ਜਲੰਧਰ ਨਗਰ ਨਿਗਮ ਦੇ ਕਮਿਸ਼ਨਰ ਤੋਂ ਚਾਰ ਹਫਤੇ ਵਿੱਚ ਜਵਾਬ ਮੰਗਿਆ ਸੀ। ਕੋਰਟ ਵਿੱਚ ਸੁਣਵਾਈ ਦੌਰਾਨ ਸੈਕਟਰੀ, ਡੀ ਸੀ ਅਤੇ ਨਗਰ ਨਿਗਮ ਦੇ ਕਮਿਸ਼ਨਰ ਨੇ ਕਾਰਵਾਈ ਹੇਠ ਆਈਆਂ 93 ਇਮਾਰਤਾਂ ਦੀ ਰਿਪੋਰਟ ਦਿੱਤੀ ਸੀ ਅਤੇ ਨਾਜਾਇਜ਼ ਉਸਾਰੀਆਂ ਲਈ ਨੌਂ ਅਫਸਰ ਸਸਪੈਂਡ ਕੀਤੇ ਸਨ। ਕੋਰਟ ਨੇ ਇਸ ਜਵਾਬ ਉੱਤੇ ਤਸੱਲੀ ਨਹੀਂ ਜਤਾਈ ਅਤੇ ਕਾਰਵਾਈ ਦੀ ਵਿਸਥਾਰ ਪੂਰਵਕ ਜਾਣਕਾਰੀ ਮੰਗੀ ਹੈ।

ਮੇਅਰ ਜਗਦੀਸ਼ ਰਾਜਾ ਨੇ ਨਗਰ ਨਿਗਮ ਦੇ ਬਿਲਡਿੰਗ ਵਿਭਾਗ ਤੋਂ ਰੈਗੂਲਰਾਈਜੇਸ਼ਨ ਪਾਲਿਸੀ ਤਹਿਤ ਅਪਲਾਈ ਕੀਤੀ ਗਈ ਐਨ ਓ ਸੀ ਦੀਆਂ ਫਾਈਲਾਂ ਨੂੰ ਕਲੀਅਰ ਕਰਨ ਵਿੱਚ ਦੇਰੀ ਬਾਰੇ ਰਿਪੋਰਟ ਮੰਗੀ ਹੈ। ਕਰੀਬ 500 ਫਾਈਲਾਂ ਪੈਂਡਿੰਗ ਹਨ ਅਤੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸਾਨ੍ਹ ਦੇ ਹਮਲੇ ਵਿੱਚ ਸਿੰਙ ਸੀਨੇ ਦੇ ਆਰ-ਪਾਰ ਹੋਣ ਨਾਲ ਮੌਤ

ਪਟਿਆਲਾ, 17 ਜੁਲਾਈ (ਪੋਸਟ ਬਿਊਰੋ)- ਪਿਹੋਵਾ ਰੋਡ 'ਤੇ ਨਾਨਕਸਰ ਪਿੰਡ ਦੇ ਨੇੜੇ ਦੋ ਲਾਵਾਰਸ ਸਾਨ੍ਹਾਂ ਦੀ ਲੜਾਈ ਵਿਚਾਲੇ ਇੱਕ ਨੌਜਵਾਨ ਆ ਗਿਆ। ਇੱਕ ਸਾਨ੍ਹ ਨੇ ਨੌਜਵਨ ਦੇ ਸੀਨੇ ਵਿੱਚ ਆਪਣਾ ਸਿੰਙ ਮਾਰਿਆ, ਜਿਹੜਾ ਆਰ ਪਾਰ ਹੋ ਗਿਆ। ਇਸ ਕਾਰਨ ਰਾਹਗੀਰ ਅਮੀਰ ਸਿੰਘ (40) ਨੇ ਮੌਕੇ 'ਤੇ ਦਮ ਤੋੜ ਦਿੱਤਾ। ਕੱਲ੍ਹ ਸ਼ਾਮ ਭੜਕੇ ਅਮੀਰ ਸਿੰਘ ਦੇ ਪਰਵਾਰ ਵਾਲਿਆਂ ਨੇ ਪਿਹੋਵਾ ਰੋਡ 'ਤੇ ਧਰਨਾ ਦੇ ਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਮ੍ਰਿਤਕ ਅਮੀਰ ਸਿੰਘ ਦੇ ਗੁਆਂਢੀ ਅਤੇ ਦੋਸਤ ਸਤਨਾਮ ਸਿੰਘ ਨੇ ਦੱਸਿਆ ਕਿ ਉਹ ਟਰੱਕ ਡਰਾਈਵਰ ਸੀ ਅਤੇ ਸੋਮਵਾਰ ਰਾਤ ਟਰੱਕ ਲੈ ਕੇ ਘਰ ਆਇਆ ਸੀ। ਪਿੰਡ ਦੇ ਬਾਹਰ ਉਤਰਨ ਪਿੱਛੋਂ ਘਰ ਵੱਲ ਪੈਦਲ ਜਾ ਰਿਹਾ ਸੀ। ਰਸਤੇ ਵਿੱਚ ਦੋ ਸਾਨ ਆਪਸ ਵਿੱਚ ਲੜ ਰਹੇ ਸਨ। ਇਨ੍ਹਾਂ ਵਿੱਚੋਂ ਇੱਕ ਸਾਨ੍ਹ ਨੇ ਅਮੀਰ ਸਿੰਘ ਨੂੰ ਟੱਕਰ ਮਾਰੀ, ਜਿਸ ਨਾਲ ਸਾਨ੍ਹ ਦੇ ਸਿੰਙ ਅਮੀਰ ਸਿੰਘ ਦੇ ਸੀਨੇ ਵਿੱਚ ਫਸ ਗਏ ਤਾਂ ਸਾਨ੍ਹ ਨੇ ਉਸ ਨੂੰ ਕਈ ਵਾਰ ਪਟਕਿਆ। ਇਸ ਕਾਰਨ ਸਿੰਙ ਅਮੀਰ ਦੇ ਸੀਨੇ ਦੇ ਆਰ ਪਾਰ ਹੋ ਗਏ ਅਤੇ ਉਸ ਦੀ ਮੌਤ ਹੋ ਗਈ।



## ਭਾਰਤੀ ਹਵਾਈ ਫੌਜ ਹਰ ਕਿਸਮ ਦੀ ਜੰਗ ਲਈ ਤਿਆਰ: ਧਨੋਆ

ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਦੇ ਮੁਖੀ ਬੀ ਐਸ ਧਨੋਆ ਨੇ ਕਿਹਾ ਹੈ ਕਿ ਭਾਰਤੀ ਹਵਾਈ ਫੌਜ ਹਰ ਕਿਸਮ ਦੀ ਜੰਗ ਲਈ ਪੂਰੀ ਤਰ੍ਹਾਂ ਤਿਆਰ ਹੈ, ਉਹ ਭਾਵੇਂ ਕਾਰਗਿਲ ਵਿਵਾਦ ਵਰਗੀ ਘਟਨਾ ਹੋਵੇ, ਅੱਤਵਾਦੀ ਹਮਲੇ ਨਾਲ ਨਜਿੱਠਣਾ ਹੋਵੇ ਜਾਂ ਪੂਰੀ ਜੰਗ ਹੋਵੇ। ਹਵਾਈ ਫੌਜ ਦੇ ਮੁਖੀ ਬੀ ਐੱਸ ਧਨੋਆ ਨੇ '20 ਯੀਅਰਜ਼ ਆਫ ਆਪ੍ਰੇਸ਼ਨ ਸੇਫਡ ਸਾਗਰ' ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਾਰਗਿਲ ਜੰਗ ਸਮੇਂ ਦੀ ਆਪਣੀ ਯਾਦ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਉਸ ਸਮੇਂ ਉਨ੍ਹਾਂ ਸ੍ਰੀਨਗਰ ਤੋਂ 17 ਸੁਕਾਰਡਨ ਦੇ ਕਮਾਂਡਿੰਗ ਅਫਸਰ ਵਜੋਂ ਹਿੱਸਾ ਲਿਆ ਸੀ ਅਤੇ ਉਸ ਸਮੇਂ ਪਹਿਲੀ ਵਾਰ ਮਿਗ-21 ਹਵਾਈ ਜਹਾਜ਼ਾਂ ਨੇ ਰਾਤ ਸਮੇਂ ਪਹਾੜੀਆਂ 'ਤੇ ਹਵਾ ਤੋਂ ਜ਼ਮੀਨ ਉਤੇ ਬੰਬਾਰੀ ਕੀਤੀ ਸੀ। ਉਨ੍ਹਾਂ ਦੱਸਿਆ ਕਿ 20 ਸਾਲ ਪਹਿਲਾਂ 1999 'ਚ ਹਵਾਈ ਸੈਨਾ ਵੱਲੋਂ ਆਪ੍ਰੇਸ਼ਨ ਸੇਫਡ ਸਾਗਰ, ਆਪ੍ਰੇਸ਼ਨ ਵਿਜੈ ਤਹਿਤ ਕਾਰਗਿਲ ਵਿੱਚੋਂ ਘੁਸਪੈਠੀਆਂ ਨੂੰ ਖਦੇੜਨ ਦੇ ਲਈ ਕੀਤਾ ਗਿਆ ਸੀ।

## ਮਾਣਹਾਨੀ ਕੇਸ ਵਿੱਚ ਰਾਹੁਲ ਨੂੰ ਨਿੱਜੀ ਪੇਸ਼ੀ ਤੋਂ ਛੋਟ ਮਿਲੀ

ਸੂਰਤ, 17 ਜੁਲਾਈ (ਪੋਸਟ ਬਿਊਰੋ)- ਗੁਜਰਾਤ ਦੇ ਸੂਰਤ ਦੀ ਅਦਾਲਤ ਨੇ ਓਥੋਂ ਇਕ ਵਿਧਾਇਕ ਵੱਲੋਂ ਦਾਇਰ ਕੀਤੇ ਮਾਣਹਾਨੀ ਕੇਸ ਵਿੱਚ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਤੋਂ ਛੋਟ ਦੇ ਦਿੱਤੀ ਹੈ। ਇਸ ਵਿਧਾਇਕ ਨੇ ਰਾਹੁਲ ਗਾਂਧੀ ਵੱਲੋਂ 'ਮੋਦੀ' ਗੋਤ ਬਾਰੇ ਕੀਤੀ ਟਿੱਪਣੀ ਦੇ ਖਿਲਾਫ ਇਹ ਕੇਸ ਦਰਜ ਕਰਾਇਆ ਸੀ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ ਦੋ ਅਕਤੂਬਰ ਦੀ ਤਰੀਕ ਤੈਅ ਕੀਤੀ ਹੈ। ਚੀਫ ਜੁਡੀਸ਼ਲ ਮੈਜਿਸਟਰੇਟ ਬੀ ਐਚ ਕਪਾਡੀਆ ਦੀ ਅਦਾਲਤ ਨੇ ਪਿਛਲੇ ਹਫਤੇ ਰਾਹੁਲ ਗਾਂਧੀ ਨੂੰ ਇਹ ਸੰਮਨ ਭੇਜਿਆ ਸੀ। ਕੱਲ੍ਹ ਜਦੋਂ ਇਸ ਕੇਸ ਦੀ ਸੁਣਵਾਈ ਹੋਈ ਤਾਂ ਰਾਹੁਲ ਗਾਂਧੀ ਦੇ ਵਕੀਲ ਕਿਰੀਤ ਪਾਨਵਾਲਾ ਨੇ ਰਾਹੁਲ ਗਾਂਧੀ ਲਈ ਨਿੱਜੀ ਪੇਸ਼ੀ ਤੋਂ ਛੋਟ ਮੰਗੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਕੁਝ ਦਿਨ ਪਹਿਲਾਂ ਸੰਮਨ ਮਿਲਿਆ ਹੈ ਤੇ ਉਨ੍ਹਾਂ ਲਈ ਇੰਨੇ ਘੱਟ ਸਮੇਂ ਵਿੱਚ ਨਿੱਜੀ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣਾ ਮੁਸ਼ਕਿਲ ਹੈ। ਇਸ ਮਗਰੋਂ ਅਦਾਲਤ ਨੇ ਉਨ੍ਹਾਂ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ ਤੇ ਅਗਲੀ ਸੁਣਵਾਈ ਲਈ 10 ਅਕਤੂਬਰ ਦੀ ਤਰੀਕ ਤੈਅ ਕੀਤੀ ਹੈ।

# ਮੁੰਬਈ ਵਿੱਚ ਚਾਰ ਮੰਜ਼ਿਲਾ ਇਮਾਰਤ ਡਿੱਗਣ ਨਾਲ 11 ਮੌਤਾਂ



ਮੁੰਬਈ, 17 ਜੁਲਾਈ (ਪੋਸਟ ਬਿਊਰੋ)- ਦੱਖਣੀ ਮੁੰਬਈ ਦੇ ਡੋਂਗਰੀ ਵਿੱਚ ਕੱਲ੍ਹ ਚਾਰ ਮੰਜ਼ਿਲਾ ਰਿਹਾਇਸ਼ੀ ਇਮਾਰਤ ਡਿੱਗਣ ਕਾਰਨ 11 ਵਿਅਕਤੀਆਂ ਦੀ ਮੌਤ ਹੋ ਗਈ, ਜਦ ਕਿ 40 ਤੋਂ ਵੱਧ ਲੋਕਾਂ ਦੇ ਮਲਬੇ ਹੇਠ ਫਸੇ ਹੋਣ ਦਾ ਖਦਸ਼ਾ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਰਾਜ ਦੇ ਹਾਊਸਿੰਗ ਮੰਤਰੀ ਰਾਧਾਕ੍ਰਿਸ਼ਨ ਵਿਖੇ ਪਾਟਿਲ ਨੇ ਦੱਸਿਆ ਕਿ ਉਨ੍ਹਾਂ ਨੂੰ ਮਿਲੀ ਜਾਣਕਾਰੀ ਅਨੁਸਾਰ ਦੱਖਣੀ ਮੁੰਬਈ ਦੇ ਡੋਂਗਰੀ ਵਿੱਚ ਟੰਡੇਲ ਮਾਰਗ 'ਤੇ ਭੀੜੀ ਗਲੀ ਵਿੱਚ ਕੌਸਰਬਾਗ ਇਮਾਰਤ ਦੇ ਡਿੱਗਣ ਕਾਰਨ 12 ਵਿਅਕਤੀ ਮਾਰੇ ਗਏ ਹਨ। ਮੁੰਬਈ ਨਗਰ ਪਾਲਿਕਾ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਵਿੱਚ ਅੱਠ ਵਿਅਕਤੀ ਜ਼ਖਮੀ ਹੋ ਗਏ ਹਨ। ਮੁੰਬਈ ਦੇ ਮੇਅਰ ਵਿਸ਼ਵਨਾਥ ਮਹਾਦੇਸ਼ਵਰ ਨੇ ਕਿਹਾ ਕਿ ਉਨ੍ਹਾਂ ਨੇ ਮਿਉਂਸੀਪਲ ਕਮਿਸ਼ਨਰ ਨੂੰ ਇਸ ਦੀ ਜਾਂਚ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਇਹ ਇਮਾਰਤ ਕਰੀਬ ਸੌ ਸਾਲ ਪੁਰਾਣੀ ਸੀ। ਇਹ ਖਸਤਾ ਹਾਲ ਇਮਾਰਤਾਂ ਦੀ ਸੂਚੀ ਵਿੱਚ ਨਹੀਂ ਸੀ ਅਤੇ ਇਸ ਨੂੰ ਪੁਨਰ ਵਿਕਾਸ ਲਈ ਡਿਵੈਲਪਰ ਨੂੰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਥੇ 10-15 ਪਰਵਾਰ ਰਹਿ ਰਹੇ ਸਨ।

## ਅਮਿਤਾਭ ਬੱਚਨ ਨਾਲ ਡਿਨਰ ਤੇ ਇਨਾਮ ਦਾ ਲਾਲਚ ਦੇ ਕੇ ਵਪਾਰੀ ਨਾਲ ਠੱਗੀ

ਪਤਥਲਗੜ੍ਹ, 17 ਜੁਲਾਈ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਜਸ਼ਪੁਰ ਜ਼ਿਲ੍ਹੇ ਵਿੱਚ ਇੱਕ ਵਪਾਰੀ ਨੇ ਬਾਲੀਵੁੱਡ ਦੇ ਸੁਪਰ ਸਟਾਰ ਅਮਿਤਾਭ ਬੱਚਨ ਨਾਲ ਡਿਨਰ ਅਤੇ ਉਨ੍ਹਾਂ ਦੇ ਹੱਥੋਂ ਲਾਟਰੀ ਦੇ ਇਨਾਮ ਦਾ ਚੈੱਕ ਲੈਣ ਦੀ ਖਾਹਿਸ਼ ਵਿੱਚ ਠੱਗਾਂ ਦੇ ਝਾਂਸੇ ਵਿੱਚ ਆ ਕੇ ਡੇਢ ਲੱਖ ਤੋਂ ਵੱਧ ਰਕਮ ਗਵਾ ਦਿੱਤੀ ਹੈ।

ਪੁਲਸ ਸੁਪਰਡੈਂਟ ਸ਼ੰਕਰ ਲਾਲ ਬਘੇਲ ਨੇ ਦੱਸਿਆ ਕਿ ਜਸ਼ਪੁਰ ਦੇ ਵਪਾਰੀ ਕੈਲਾਸ਼ ਸ਼ਰਮਾ ਦੀ ਰਿਪੋਰਟ 'ਤੇ ਪੁਲਸ ਨੇ ਅਣਪਛਾਤੇ ਠੱਗਾਂ ਦੇ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪੀੜਤ ਵਪਾਰੀ ਫਿਲਮ ਸਟਾਰ ਅਮਿਤਾਭ ਦਾ ਕਈ ਸਾਲ ਪੁਰਾਣਾ ਫੈਨ ਹੈ। ਇਸੇ ਲਈ ਅਣਪਛਾਤੇ ਬਦਮਾਸ਼ਾਂ ਦੇ ਝਾਂਸੇ ਵਿੱਚ ਠੱਗੀ ਦਾ ਸ਼ਿਕਾਰ ਹੋ ਗਿਆ। ਵਪਾਰੀ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਉਸ ਨੂੰ ਫੋਨ 'ਤੇ ਅਮਿਤਾਭ ਬੱਚਨ ਦੀ ਆਵਾਜ਼ ਸੁਣਾ ਕੇ ਠੱਗਾਂ ਨੇ ਝਾਂਸੇ ਵਿੱਚ ਲੈ ਲਿਆ। ਪੀੜਤ ਵਪਾਰੀ ਨੇ ਪੁਲਸ ਨੂੰ ਦੱਸਿਆ ਕਿ ਠੱਗਾਂ ਨੇ 25 ਲੱਖ ਰੁਪਏ ਇਨਾਮ ਦਾ ਚੈਕ ਅਮਿਤਾਭ ਦੇ ਹੱਥੋਂ ਦਿਵਾਉਣ ਅਤੇ ਉਨ੍ਹਾਂ ਨਾਲ ਡਿਨਰ ਦਾ ਝਾਂਸਾ ਦਿੱਤਾ ਗਿਆ ਸੀ। ਠੱਗਾਂ ਨੇ ਪਹਿਲਾਂ ਕੋਟ ਪੈਂਟ ਦੀ ਪੇਮੈਂਟ ਦਾ ਭੁਗਤਾਨ ਤੋਂ ਸ਼ੁਰੂ ਕਰ ਕੇ ਅਲੱਗ ਅਲੱਗ ਖਰਚ ਦੇ ਨਾਂਅ ਤੇ 18 ਵਾਰ ਵੱਖ-ਵੱਖੋ ਖਾਤਿਆਂ ਵਿੱਚ ਰਕਮ ਜਮ੍ਹਾ ਕਰਵਾਈ ਸੀ।

ਠੱਗੀ ਦਾ ਸ਼ਿਕਾਰ ਵਪਾਰੀ ਨੇ ਦੱਸਿਆ ਕਿ ਇਨ੍ਹਾਂ ਠੱਗਾਂ ਨੂੰ ਬੈਂਕ ਤੋਂ ਆਨਲਾਈਨ ਪੇਮੈਂਟ ਦੀ ਵਜ੍ਹਾ ਨਾਲ ਉਸ ਨੂੰ ਕਿਸੇ 'ਤੇ ਸ਼ੱਕ ਨਹੀਂ ਹੋਇਆ। ਇਸ ਦੇ ਬਾਅਦ ਠੱਗਾਂ ਨੇ ਆਪਣੇ ਇੱਕ ਮਿੱਤਰ ਨੂੰ ਨਾਲ ਲੈ ਕੇ ਆਉਣ ਅਤੇ ਉਸ ਦਾ ਵੀ ਭੁਗਤਾਨ ਜਮ੍ਹਾ ਕਰਨ ਦੀ ਗੱਲ ਕਹੀ ਤਾਂ ਉਸ ਨੂੰ ਠੱਗੇ ਜਾਣ ਦਾ ਅਹਿਸਾਸ ਹੋਇਆ ਸੀ। ਪੁਲਸ ਨੇ ਠੱਗਾਂ ਦੇ ਫੋਨ ਨੰਬਰ ਅਤੇ ਬੈਂਕ ਖਾਤਿਆਂ ਦੀ ਜਾਂਚ ਕਰਨ'ਤੇ ਉਹ ਖਾਤੇ ਉਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ ਦੇ ਪਾਏ ਗਏ ਹਨ।

## ਪਾਰਲੀਮੈਂਟ ਵਿੱਚ ਮੰਤਰੀਆਂ ਦੀ ਗੈਰ ਹਾਜ਼ਰੀ 'ਤੇ ਸਖਤ ਹੋਏ ਮੋਦੀ



ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੰਮਕਾਜ (ਰੋਸਟਰ ਡਿਊਟੀ) ਹੋਣ ਉਤੇ ਵੀ ਪਾਰਲੀਮੈਂਟ 'ਚੋਂ ਗੈਰ ਹਾਜ਼ਰ ਰਹਿਣ ਵਾਲੇ ਮੰਤਰੀਆਂ ਖਿਲਾਫ ਸਖਤ ਰੁਖ਼ ਧਾਰਨ ਕਰਦਿਆਂ ਕਿਹਾ ਕਿ ਸੈਸ਼ਨ ਦੌਰਾਨ ਗੈਰ ਹਾਜ਼ਰ ਰਹਿਣ ਦਾ ਕੋਈ ਬਹਾਨਾ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨੇ ਕੱਲ੍ਹ ਭਾਜਪਾ ਪਾਰਲੀਮੈਂਟਰੀ ਪਾਰਟੀ ਦੀ ਬੈਠਕ 'ਚ ਆਪਣੀ ਨਾਰਾਜ਼ਗੀ ਪ੍ਰਗਟਾਉਣ ਦੇ ਨਾਲ ਪਾਰਲੀਮੈਂਟਰੀ ਡਿਊਟੀ ਤੋਂ ਗਾਇਬ ਰਹਿਣ ਵਾਲੇ ਮੰਤਰੀਆਂ ਦੀ ਸੂਚੀ ਵੀ ਮੰਗੀ ਹੈ। ਪ੍ਰਧਾਨ ਮੰਤਰੀ ਮੋਦੀ ਆਪਣੇ ਪਹਿਲੇ ਕਾਰਜਕਾਲ 'ਚ ਪਾਰਲੀਮੈਂਟਰੀ ਪਾਰਟੀ ਦੀਆਂ ਬੈਠਕਾਂ 'ਚ ਅਪਣਾਏ ਜਾਂਦੇ ਸਮਝਾਉਣ ਦੇ ਅੰਦਾਜ਼ ਤੋਂ ਉਲਟ ਇਸ ਵਾਰ ਬਦਲੇ ਮਿਜ਼ਾਜ ਨਾਲ ਮੰਤਰੀਆਂ ਨੂੰ ਸਖਤ ਹਦਾਇਤਾਂ ਦਿੰਦੇ ਨਜ਼ਰ ਆਏ ਹਨ, ਜਿਸ ਦੀ ਝਲਕ ਭਾਜਪਾ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀਆ ਦੇ ਬੇਟੇ ਆਕਾਸ਼ ਅਤੇ ਉਤਰਾਖੰਡ ਦੇ ਵਿਧਾਇਕ ਕੁੰਵਰ ਚੈਂਪੀਅਨ ਦੇ ਹਥਿਆਰਾਂ ਨਾਲ ਨੱਚਣ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਜਾਰੀ ਹੋਏ ਨੋਟਿਸ ਅਤੇ ਮੁਅੱਤਲੀ ਦੇ ਆਦੇਸ਼ 'ਚ ਵੇਖਣ ਨੂੰ ਮਿਲੀ ਸੀ।


ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕੱਲ੍ਹ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਆਪਣੇ ਖੇਤਰ ਲਈ ਨਿਵੇਕਲਾ ਅਤੇ ਜ਼ਿਲਾ ਪ੍ਰਸ਼ਾਸਨ ਦੀ ਮਦਦ ਨਾਲ ਕੰਮ ਕਰਨ ਦੀ ਸਲਾਹ ਦਿੱਤੀ। ਮੋਦੀ ਨੇ ਸੰਸਦ ਮੈਂਬਰਾਂ ਨੂੰ ਸਿਆਸਤ ਤੋਂ ਹਟ ਕੇ ਸਮਾਜਿਕ ਕਾਰਜਾਂ ਰਾਹੀਂ ਜਨਤਾ ਨਾਲ ਜੁੜਨ ਅਤੇ ਸਰਕਾਰ ਦੀਆਂ ਯੋਜਨਾਵਾਂ ਜਨਤਾ ਤੱਕ ਪਹੁੰਚਾਉਣ ਨੂੰ ਕਿਹਾ। ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਮੈਂਬਰਾਂ ਨੂੰ ਮੌਜੂਦਾ ਜਲ ਸੰਕਟ ਦੇ ਗੰਭੀਰ ਰੁਖ਼ ਅਖਤਿਆਰ ਕਰਨ ਅਤੇ ਟੀ ਬੀ ਜਾਨਵਰਾਂ ਦੀ ਬਿਮਾਰੀ ਅਤੇ ਕੋਹੜ ਜਿਹੀਆਂ ਬਿਮਾਰੀਆਂ ਤੋਂ ਮੁਕਤੀ ਲਈ ਮਿਸ਼ਨ ਮੋਡ 'ਚ ਕੰਮ ਕਰਨ ਨੂੰ ਕਿਹਾ।

# ਗੁਆਂਢੀ ਦੇਸ਼ਾਂ ਤੋਂ ਆਏ ਲੋਕਾਂ ਲਈ ਨਵਾਂ ਨਾਗਰਿਕਤਾ ਬਿੱਲ

ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਨਾਗਰਿਕਤਾ (ਸੋਧ) ਬਿੱਲ 2019 ਦਾ ਬੁਨਿਆਦੀ ਟੀਚਾ ਬੰਗਲਾ ਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਭਾਰਤ ਆਏ ਛੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣਾ ਸੀ। ਇਥੋਂ ਤੱਕ ਕਿ ਉਨ੍ਹਾਂ ਕੋਲ ਜਾਇਜ਼ ਦਸਤਾਵੇਜ਼ ਨਾ ਹੋਣ 'ਤੇ ਵੀ ਇਹ ਸਹੂਲਤ ਦਿੱਤੀ ਜਾਣੀ ਸੀ। ਸਰਕਾਰ ਨੇ ਕੱਲ੍ਹ ਲੋਕ ਸਭਾ ਵਿੱਚ ਇਹ ਜਾਣਕਾਰੀ ਦਿੱਤੀ ਹੈ।ਕਾਂਗਰਸ ਪਾਰਟੀ ਦੇ ਐਮ ਪੀ ਪ੍ਰਦੁੱਤ ਬੋਰਦੋਲੋਈ ਦੇ ਸਵਾਲ ਦੇ ਲਿਖਤੀ ਉਤਰ 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਕਿਹਾ ਕਿ ਤਿੰਨ ਸਾਲ ਪਹਿਲਾਂ ਇਹ ਬਿੱਲ ਨਾਗਰਿਕਤਾ ਸੋਧ ਬਿੱਲ 2016 ਦੇ ਨਾਂ ਨਾਲ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਪਿੱਛੋਂ ਉਸ ਨੂੰ ਸਾਂਝੀ ਪਾਰਲੀਮੈਂਟਰੀ ਕਮੇਟੀ ਕੋਲ ਭੇਜ ਦਿੱਤਾ ਗਿਆ। ਕਮੇਟੀ ਨੇ ਇਸ ਸਾਲ ਸੱਤ ਜਨਵਰੀ ਨੂੰ ਪਾਰਲੀਮੈਂਟ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਸੀ। ਰਾਜ ਸਭਾ ਵਿੱਚ ਇਹ ਵਿਚਾਰ ਅਧੀਨ ਅਤੇ ਪਾਸ ਕਰਨ ਲਈ ਲਟਕ ਰਿਹਾ ਸੀ। ਇਸ ਪਿੱਛੋਂ 16ਵੀਂ ਲੋਕ ਸਭਾ ਭੰਗ ਹੋਣ ਕਾਰਨ ਬਿੱਲ ਖਤਮ ਹੋ ਗਿਆ। ਗ੍ਰਹਿ ਰਾਜ ਮੰਤਰੀ ਨੇ ਕਿਹਾ ਕਿ ਨਾਗਰਿਕਤਾ ਸੋਧ ਬਿੱਲ 2019 ਦਾ ਬੁਨਿਆਦੀ ਟੀਚਾ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾ ਦੇਸ਼ ਤੋਂ ਬਿਨਾਂ ਜਾਇਜ਼ ਯਾਤਰਾ ਦਸਤਾਵੇਜ਼ ਦੇ ਆਏ ਛੇ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕਰਨਾ ਸੀ। ਇਥੋਂ ਤੱਕ ਕਿ ਜਿਨ੍ਹਾਂ ਦੇ ਦਸਤਾਵੇਜ਼ ਦੀ ਮਿਆਦ ਖਤਮ ਹੋ ਗਈ ਉਨ੍ਹਾਂ ਨੂੰ ਵੀ ਇਹ ਸਹੂਲਤ ਦੇਣੀ ਸੀ। ਉਨ੍ਹਾਂ ਕਿਹਾ ਕਿ ਨਾਗਰਿਕਤਾ ਐਕਟ 1955 ਅਜਿਹੇ ਲੋਕਾਂ ਨੂੰ ਨਾਜਾਇਜ਼ ਇਮੀਗਰਾਂਟ ਮੰਨਦਾ ਹੈ ਅਤੇ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਲਈ ਬਿਨੈ ਪੱਤਰ ਦੇਣ ਤੋਂ ਰੋਕਦਾ ਹੈ।

# ਚੰਗੀਆਂ ਸੜਕਾਂ ਚਾਹੀਦੀਆਂ ਤਾਂ ਟੋਲ ਟੈਕਸ ਦੇਣਾ ਹੋਵੇਗਾ: ਗਡਕਰੀ

ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਕੇਂਦਰੀ ਸੜਕ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਨੇ ਟੋਲ ਖਤਮ ਹੋਣ ਦੀਆਂ ਸੰਭਾਵਨਾਵਾਂ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜੇ ਲੋਕਾਂ ਨੂੰ ਚੰਗੀਆਂ ਸੜਕਾਂ ਚਾਹੀਦੀਆਂ ਹਨ ਤਾਂ ਉਨ੍ਹਾਂ ਨੂੰ ਟੋਲ ਅਦਾ ਕਰਨਾ ਹੋਵੇਗਾ। ਟੋਲ ਨਾਲ ਹੀ ਸੜਕਾਂ ਬਣਾਉਣ ਲਈ ਪੈਸਾ ਆਉਂਦਾ ਹੈ। ਫਿਰ ਵੀ ਉਨ੍ਹਾਂ ਨੇ ਸਕੂਲੀ ਤੇ ਰਾਜ ਟਰਾਂਸਪੋਰਟ ਨਿਗਮਾਂ ਦੀਆਂ ਬੱਸਾਂ ਉਤੇ ਟੋਲ ਖਤਮ ਕਰਨ ਦੀ ਮੰਗ 'ਤੇ ਵਿਚਾਰ ਦਾ ਭਰੋਸਾ ਦਿੱਤਾ ਹੈ। ਲੋਕ ਸਭਾ ਵਿੱਚ ਸੜਕ ਟਰਾਂਸਪੋਰਟ ਤੇ ਰਾਜ ਮਾਰਗ ਮੰਤਰਾਲੇ ਦੀਆਂ ਮੰਗਾਂ 'ਤੇ ਚਰਚਾ ਦਾ ਜਵਾਬ ਦਿੰਦੇ ਹੋਏ ਗਡਕਰੀ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਸਰਕਾਰ ਨੇ 40 ਹਜ਼ਾਰ ਕਿਲੋ ਮੀਟਰ ਸੜਕਾਂ ਦਾ ਨਿਰਮਾਣ ਕੀਤਾ ਹੈ।



ਕੁਝ ਮੈਂਬਰਾਂ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਟੋਲ ਬਾਰੇ ਪ੍ਰਗਟ ਕੀਤੀ ਗਈ ਚਿੰਤਾ ਬਾਰੇ ਮੰਤਰੀ ਨੇ ਕਿਹਾ ਕਿ ਜੋ ਇਲਾਕੇ ਟੋਲ ਅਦਾ ਕਰਨ ਵਿੱਚ ਸਮਰਥ ਹਨ, ਉਥੋਂ ਟੋਲ ਦਾ ਉਪਯੋਗ ਪੇਂਡੂ ਤੇ ਪਹਾੜੀ ਇਲਾਕਿਆਂ ਵਿੱਚ ਸੜਕਾਂ ਦੇ ਨਿਰਮਾਣ ਵਿੱਚ ਕੀਤਾ ਜਾਂਦਾ ਹੈ, ਇਸ ਲਈ ਟੋਲ ਜ਼ਿੰਦਗੀ ਭਰ ਬੰਦ ਨਹੀਂ ਹੋ ਸਕਦਾ। ਘੱਟ ਜਾਂ ਵੱਧ ਹੋ ਸਕਦੇ ਹਨ। ਟੋਲ ਦਾ ਜਨਮਦਾਤਾ ਮੈਂ ਨਹੀਂ, ਜੇ ਤੁਹਾਨੂੰ ਵਧੀਆ ਸੜਕਾਂ ਚਾਹੀਦੀਆਂ ਹਨ ਤਾਂ ਭੁਗਤਾਨ ਕਰਨਾ ਹੋਵੇਗਾ। ਸਰਕਾਰ ਦੇ ਕੋਲ ਪੈਸਾ ਨਹੀਂ ਹੈ। ਜ਼ਮੀਨ ਐਕਵਾਇਰ ਨੂੰ ਸੜਕ ਯੋਜਨਾਵਾਂ ਦੀ ਸਭ ਤੋਂ ਵੱਡੀ ਰੁਕਾਵਟ ਦੱਸਦੇ ਹੋਏ ਗਡਕਰੀ ਨੇ ਸੂਬਾ ਸਰਕਾਰਾਂ ਤੋਂ ਇਸ ਸਮੱਸਿਆ ਦਾ ਹੱਲ ਲੱਭਣ ਤੇ ਤਰੀਕਾ ਦੱਸਣ ਦੀ ਅਪੀਲ ਕੀਤੀ। ਮੰਤਰੀ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਭੂਮੀ ਐਕਵਾਇਰ ਦੀ ਰਫਤਾਰ ਬੇਹੱਦ ਸੁਸਤ ਹੈ। ਗਡਕਰੀ ਨੇ ਕਿਹਾ ਕਿ ਜਦ 2014 ਵਿੱਚ ਉਨ੍ਹਾਂ ਸੜਕ ਮੰਤਰਾਲੇ ਦਾ ਕਾਰਜਭਾਰ ਸੰਭਾਲਿਆ ਸੀ ਤਾਂ 3.85 ਲੱਖ ਕਰੋੜ ਰੁਪਏ ਦੀ 403 ਸੜਕ ਯੋਜਨਾਵਾਂ ਬੰਦ ਪਈ ਸੀ। ਇਨ੍ਹਾਂ ਯੋਜਨਾਵਾਂ ਨੂੰ ਚਾਲੂ ਕਰਵਾ ਕੇ ਪੰਜ ਸਾਲਾਂ ਵਿੱਚ ਮੋਦੀ ਸਰਕਾਰ ਨੇ ਬੈਂਕਾਂ ਨੂੰ ਤਿੰਨ ਲੱਖ ਕਰੋੜ ਦਾ ਕਰਜ਼ਾ ਡੁੱਬਣ ਨਾਲ ਬਚਾਇਆ ਹੈ। ਹੁਣ 90 ਫੀਸਦੀ ਯੋਜਨਾਵਾਂ ਤੇਜ਼ੀ ਨਾਲ ਅੱਗੇ ਵਧ ਰਹੀਆਂ ਹਨ।

# ਏਅਰ ਇੰਡੀਆ ਸਾਲ ਦੇ ਅੰਤ ਤੱਕ ਵਿਕ ਜਾਵੇਗੀ

ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਭਾਰਤ ਸਰਕਾਰ ਅਗਲੇ ਮਹੀਨੇ ਦੇ ਅੰਤ ਤੱਕ ਏਅਰ ਇੰਡੀਆ ਨੂੰ ਵੇਚਣ ਦੇ ਲਈ ਟੈਂਡਰ ਮੰਗਣ ਬਾਰੇ ਸੋਚ ਰਹੀ ਹੈ। ਉਸ ਦਾ ਟੀਚਾ ਇਸੇ ਸਾਲ ਵਿੱਚ ਸੌਦੇ ਨੂੰ ਸਿਰੇ ਚਾੜ੍ਹਨਾ ਹੈ। ਇਹ ਜਾਣਕਾਰੀ ਮਾਮਲੇ ਦੇ ਜਾਣਕਾਰ ਲੋਕਾਂ ਨੇ ਨਿਊਜ਼ ਏਜੰਸੀ ਬਲੂਮਬਰਗ ਨੂੰ ਦਿੱਤੀ ਹੈ।

ਪਤਾ ਲੱਗਾ ਹੈ ਕਿ ਸਰਕਾਰ ਰੋਡ ਸ਼ੋਅ ਕਰੇਗੀ, ਜਿਸ 'ਚ ਉਹ ਸੰਭਾਵੀ ਖਰੀਦਦਾਰਾਂ ਨੂੰ ਮਿਲਣ ਲਈ ਵੀ ਤਿਆਰ ਰਹੇਗੀ। ਸੂਤਰਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਪ੍ਰਕਿਰਿਆ ਵਿੱਚ ਬੋਲੀ ਦਾਤਿਆਂ ਨੂੰ ਕੁਝ ਹਿੱਸਿਆਂ ਨੂੰ ਛੱਡ ਕੇ ਏਅਰਲਾਈਨ ਦੇ ਖਾਤਿਆਂ ਨੂੰ ਦੇਖਣ ਦੀ ਇਜਾਜ਼ਤ ਮਿਲੇਗੀ। ਨਾਲ ਉਹ ਸ਼ੇਅਰ ਖਰੀਦ ਸਮਝੌਤੇ ਨੂੰ ਵੀ ਵੇਖ ਸਕਦੇ ਹਨ। ਇਸ ਮਾਮਲੇ ਦੇ ਜਾਣਕਾਰ ਲੋਕਾਂ ਨੇ ਦੱਸਿਆ ਕਿ ਸੰਭਾਵੀ ਬੋਲੀ ਦਾਤਿਆਂ



ਕੋਲ ਇਸ ਸੌਦੇ 'ਚ ਆਪਣੀ ਰੁਚੀ ਪ੍ਰਗਟ ਕਰਨ ਦੀ ਪ੍ਰਕਿਰਿਆ ਦੌਰਾਨ ਵਿਕਰੀ ਦੀਆਂ ਸ਼ਰਤਾਂ 'ਚ ਬਦਲਾਅ ਲਈ ਸੁਝਾਅ ਦੇਣ ਦਾ ਬਦਲ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਸਰਕਾਰ 'ਚ ਆਪਣੀ ਸਾਰੀ ਹਿੱਸੇਦਾਰੀ ਵੇਚਣਾ ਚਾਹੁੰਦੀ ਹੈ।

ਇਸ ਬਾਰੇ ਏਅਰ ਇੰਡੀਆ ਦੇ ਬੁਲ-ਾਰੇ ਧਨੰਜੈ ਕੁਮਰਾ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਕਿ ਇਹ ਸਰਕਾਰ ਦਾ ਵਿਕਰੀ ਯੋਜਨਾਵਾਂ ਨੂੰ ਮੁੜ ਸੁਰਜੀਤ ਕਰਨ ਦਾ ਫੈਸਲਾ ਹੋ ਸਕਦਾ ਹੈ। ਪਿਛਲੇ ਸਾਲ ਕਿਸੇ ਬੋਲੀ 'ਤਾ ਨੂੰ ਆਕਰਸ਼ਿਤ ਕਰਨ ਵਿੱਚ ਅਸਫਲ ਰਹੀ ਸਰਕਾਰ ਇਹ ਨਵੀਂ ਯੋਜਨਾ ਬਣਾ ਰਹੀ ਹੈ। ਚਾਲੂ ਵਿੱਤੀ ਸਾਲ ਦਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਕਿਹਾ ਸੀ ਕਿ ਸਰਕਾਰ ਏਅਰ ਇੰਡੀਆ ਨੂੰ ਵੇਚਣ ਦੀ ਯੋਜਨਾ ਨੂੰ ਫਿਰ ਲਿਆਵੇਗੀ ਅਤੇ ਇਹ ਵਿਨਿਵੇਸ਼ ਸਰਕਾਰ ਵੱਲੋਂ ਸਰਕਾਰੀ ਕੰਪਨੀਆਂ ਦੇ ਸ਼ੇਅਰ ਵੇਚ ਕੇ 1,05,000 ਕਰੋੜ ਰੁਪਏ ਜੁਟਾਉਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੋਵੇਗਾ।

ਇਸ ਦੌਰਾਨ ਇੰਡੀਅਨ ਆਇਲ ਵੱਲੋਂ ਏਅਰ ਇੰਡੀਆ ਨੂੰ ਹਵਾਈ ਤੇਲ ਦੀ ਸਪਲਾਈ ਫਿਲਹਾਲ ਜਾਰੀ ਰਹੇਗੀ। ਕੇਂਦਰ ਸਰਕਾਰ ਵੱਲੋਂ ਦਖਲ ਤੋਂ ਬਾਅਦ ਤੇਲ ਕੰਪਨੀ ਨੇ ਹਵਾਈ ਕੰਪਨੀ ਨੂੰ ਏ ਟੀ ਐੱਫ ਦੀ ਸਪਲਾਈ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਸੋਮਵਾਰ ਕੰਪਨੀ ਨੇ ਚਿਤਾਵਨੀ ਜਾਰੀ ਕਰਦਿਆਂ ਕੱਲ੍ਹ ਸ਼ਾਮ ਤੋਂ ਸਪਲਾਈ ਬੰਦ ਕਰਨ ਦੀ ਚਿਤਾਵਨੀ ਦਿੱਤੀ ਸੀ। ਜੇ ਸਰਕਾਰ ਦਖਲ ਨਾ ਦਿੰਦੀ ਤਾਂ ਏਅਰ ਇੰਡੀਆ ਨੂੰ ਦੇਸ਼ ਦੇ ਛੇ ਹਵਾਈ ਅੱਡਿਆਂ (ਪੁਣੇ, ਵਿਸ਼ਾਖਾਪਟਨਮ, ਚੰਡੀਗੜ੍ਹ, ਪਟਨਾ, ਕੋਚੀਨ ਅਤੇ ਰਾਂਚੀ) ਉਤੇ ਹਵਾਈ ਈਂਧਣ ਨਹੀਂ ਮਿਲਣਾ ਸੀ।






# ਦੁਨੀਆ ਭਰ ਵਿੱਚ ਝੂਠ ਫੈਲਾ ਰਹੇ ਹਨ ਟਰੰਪ: ਚੀਨ



ਪੇਈਚਿੰਗ, 17 ਜੁਲਾਈ (ਪੋਸਟ ਬਿਊਰੋ)- ਚੀਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਸੁਝਾਅ ਨੂੰ ਰੱਦ ਕਰ ਦਿੱਤਾ ਹੈ, ਜਿਸ 'ਚ ਕਿਹਾ ਗਿਆ ਹੈ ਕਿ ਚੀਨ ਦੀ ਅਰਥ ਵਿਵਸਥਾ ਮੰਦੀ ਵੱਲ ਵਧ ਰਹੀ ਹੈ, ਇਸ ਲਈ ਉਸ ਨੂੰ ਅਮਰੀਕਾ ਨਾਲ ਵਪਾਰ ਸਮਝੌਤਾ ਕਰਨ ਦੀ ਲੋੜ ਹੈ। ਚੀਨ ਦਾ ਕਹਿਣਾ ਹੈ ਕਿ ਇਹ ਸੁਝਾਅ ਪੂਰੀ ਤਰ੍ਹਾਂ ਭਰਮਾਊ ਹੈ ਅਤੇ ਦੋਵੇਂ ਹੀ ਦੇਸ਼ ਇੱਕ ਸਮਝੌਤੇ 'ਤੇ ਪੁੱਜਣਾ ਚਾਹੁੰਦੇ ਸਨ। ਟਰੰਪ ਦੁਨੀਆ ਭਰ ਵਿੱਚ ਝੂਠ ਫੈਲਾ ਰਹੇ ਹਨ।

ਧਿਆਨ ਦੇਣ ਯੋਗ ਹੈ ਕਿ ਚੀਨ ਅਤੇ ਅਮਰੀਕਾ ਵਿਚਾਲੇ ਵਪਾਰਕ ਸੰਬੰਧ ਤਣਾਅ ਭਰੇ ਹਨ ਅਤੇ ਦੋਵਾਂ ਨੇ ਇੱਕ-ਦੂਜੇ ਦੇ 360 ਅਰਬ ਡਾਲਰ ਦੇ ਉਤਪਾਦਾਂ 'ਤੇ ਟੈਰਿਫ ਵਧਾ ਦਿੱਤਾ ਹੈ। ਦੋਵਾਂ ਦੇਸ਼ਾਂ ਦੇ ਨੇਤਾਵਾਂ ਦੀ ਹਾਲ ਵਿੱਚ ਜੀ-20 ਸਿਖਰ ਸੰਮੇਲਨ ਦੇ ਮੌਕੇ 'ਤੇ ਮੁਲਾਕਾਤ ਤੋਂ ਬਾਅਦ ਦੋਵੇਂ ਧਿਰਾਂ ਆਪਸ ਵਿੱਚ ਵਪਾਰ ਗੱਲਬਾਤ ਜਾਰੀ ਰੱਖਣ ਦੀ ਤਿਆਰੀ ਵਿੱਚ ਹਨ। ਸੋਮਵਾਰ ਨੂੰ ਚੀਨ ਦੇ ਆਰਥਿਕ ਵਾਧੇ ਦੇ ਤਾਜ਼ਾ ਅੰਕੜਿਆਂ ਵਿੱਚ ਨਰਮੀ ਦਿਸਣ ਪਿੱਛੋਂ ਟਰੰਪ ਨੇ ਟਵਿੱਟਰ 'ਤੇ ਟਿੱਪਣੀ ਕੀਤੀ, "ਇਹੀ ਕਾਰਨ ਹੈ ਕਿ ਚੀਨ ਅਮਰੀਕਾ ਨਾਲ ਕੋਈ ਸਮਝੌਤਾ ਕਰਨਾ ਚਾਹੁੰਦਾ ਹੈ ਅਤੇ ਉਸ ਨੂੰ ਲੱਗਦਾ ਹੈ ਕਿ ਉਸ ਨੂੰ ਪਹਿਲਾਂ ਦਾ ਸਮਝੌਤਾ ਤੋੜਨਾ ਹੀ ਨਹੀਂ ਚਾਹੀਦਾ ਸੀ।" ਅਮਰੀਕੀ ਰਾਸ਼ਟਰਪਤੀ ਦੀ ਟਿੱਪਣੀ 'ਤੇ ਚੀਨ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਜੇਂਗ ਸ਼ੁਆਂਗ ਨੇ ਕਿਹਾ ਹੈ ਕਿ ਅਮਰੀਕਾ ਦਾ ਇਹ ਕਹਿਣਾ ਬਿਲਕੁਲ ਭਰਮਾਊ ਹੈ ਕਿ ਚੀਨ ਆਪਣੀ ਅਰਥਵਿਵਸਥਾ 'ਚ ਨਰਮੀ ਦੀ ਵਜ੍ਹਾ ਨਾਲ ਕੋਈ ਸਮਝੌਤਾ ਕਰਨਾ ਚਾਹੁੰਦਾ ਹੈ। ਮੈਂ ਅਮਰੀਕਾ ਨੂੰ ਫਿਰ ਕਹਿਣਾ ਚਾਹਾਂਗਾ ਕਿ ਉਹ ਚੀਨ ਨਾਲ ਮਿਲ ਕੇ ਕੰਮ ਕਰੇ ਅਤੇ ਸਮਝੌਤੇ ਲਈ ਮੁਕਾਬਲੇ ਦਾ ਕਦਮ ਵਧਾਏ ਤਾਂ ਕਿ ਦੋਵਾਂ ਦੇਸ਼ਾਂ ਦਰਮਿਆਨ ਸਨਮਾਨ ਅਤੇ ਸਮਾਨਤਾ ਦੇ ਨਾਲ ਆਪਸੀ ਲਾਭ ਦਾ ਕੋਈ ਸਮਝੌਤਾ ਹੋ ਸਕੇ।

ਚੀਨ ਸਰਕਾਰ ਨੂੰ ਆਸ ਹੈ ਕਿ ਮਲੇਸ਼ੀਆ ਵਿੱਚ ਚੀਨੀ ਕੰਪਨੀ ਵੱਲੋਂ ਕਈ ਕਰੋੜ ਡਾਲਰ ਦੇ ਦੋ ਗੈਸ ਪਾਈਪ ਲਾਈਨ ਪ੍ਰੋਜੈਕਟਾਂ ਦੇ ਮਾਮਲੇ ਵਿੱਚ ਉਥੇ ਚੱਲ ਰਹੇ ਵਿਵਾਦ ਨੂੰ ਮਿੱਤਰਤਾ ਪੂਰਨ ਮਸ਼ਵਰੇ ਨਾਲ ਸੁਲਝਾ ਲਿਆ ਜਾਵੇਗਾ। ਵਿਦੇਸ਼ ਮੰਤਰਾਲਾ ਦੇ ਇੱਕ ਬੁਲਾਰੇ ਨੇ ਕਿਹਾ ਕਿ ਨੈਸ਼ਨਲ ਪੈਟਰੋਲੀਅਮ ਕਾਰਪੋਰੇਸ਼ਨ ਦੀ ਸਹਿਯੋਗੀ ਇਕਾਈ ਸਮਝੌਤੇ ਦੇ ਨਿਯਮਾਂ ਦੇ ਆਧਾਰ 'ਤੇ ਹੀ ਪ੍ਰੋਜੈਕਟ ਦਾ ਨਿਰਮਾਣ ਕਰ ਰਹੀ ਹੈ। ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤੀਰ ਮੁਹੰਮਦ ਨੇ ਬੀਤੇ ਦਿਨੀਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਚਾਈਨਾ ਪੈਟਰੋਲੀਅਮ ਪਾਈਪ ਲਾਈਨ ਬਿਊਰੋ ਦੇ ਬੈਂਕ ਖਾਤੇ ਤੋਂ ਇੱਕ ਅਰਬ ਰਿੰਗਿਟ (243,289,196.98 ਡਾਲਰ) ਤੋਂ ਵੱਧ ਜ਼ਬਤ ਕਰ ਲਏ ਹਨ ਕਿਉਂਕਿ 9.4 ਅਰਬ ਰਿੰਗਿਟ (2.3 ਅਰਬ ਡਾਲਰ) ਮੁੱਲ ਦੇ ਪ੍ਰੋਜੈਕਟ ਰੱਦ ਕਰ ਦਿੱਤੇ ਗਏ ਹਨ।

# ਗੁਲਾਮ ਕਸ਼ਮੀਰ ਵਿੱਚ ਇਮਰਾਨ ਨੇ ਸਭ ਕੁਝ ਮਹਿੰਗਾ ਕਰ ਦਿੱਤਾ



ਮੁਜ਼ੱਫਰਾਬਾਦ, 17 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਵਿਤਕਰੇ ਵਾਲੀਆਂ ਨੀਤੀਆਂ ਕਾਰਨ ਮੁਸ਼ਕਲਾਂ ਨਾਲ ਜੂਝ ਰਹੇ ਮਕਬੂਜ਼ਾ ਕਸ਼ਮੀਰ ਦੇ ਲੋਕਾਂ 'ਤੇ ਅੱਜ ਅਸਮਾਨ ਛੂਹ ਰਹੀ ਮਹਿੰਗਾਈ ਅਤੇ ਜ਼ਿਆਦਾ ਟੈਕਸ ਦੀ ਮਾਰ ਪਈ ਹੈ। ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਹੋਰ ਮੁਸ਼ਕਲ ਹੋ ਗਈ ਅਤੇ ਲੋਕਾਂ ਵਿੱਚ ਇਮਰਾਨ ਸਰਕਾਰ ਪ੍ਰਤੀ ਗੁੱਸਾ ਵਧ ਗਿਆ ਹੈ। ਪਾਕਿਸਤਾਨ ਆਪਣੇ ਕਬਜ਼ੇ ਵਾਲੇ ਇਸ ਖੇਤਰ ਨਾਲ ਪਹਿਲਾਂ ਹੀ ਦੂਜੇ ਦਰਜੇ ਵਾਲਾ ਵਤੀਰਾ ਕਰ ਰਿਹਾ ਹੈ। ਨਤੀਜਾ ਇਹ ਹੈ ਕਿ ਇਸ ਇਲਾਕੇ ਦੇ ਲੋਕ ਵਧਦੀ ਮਹਿੰਗਾਈ ਅਤੇ ਅਣਉਚਿਤ ਟੈਕਸ ਦੇ ਬੋਝ ਥੱਲੇ ਦੱਬ ਗਏ ਹਨ।

ਗੁਲਾਮ ਕਸ਼ਮੀਰ ਦੇ ਲੋਕਾਂ ਨੇ ਸਿੱਧੇ ਤੌਰ 'ਤੇ ਦੋਸ਼ ਲਾਇਆ ਹੈ ਕਿ ਇਥੋਂ ਦੇ ਲੋਕਾਂ ਪ੍ਰਤੀ ਪ੍ਰਧਾਨ ਮੰਤਰੀ ਇਮਰਾਨ ਖਾਨ ਧਿਆਨ ਨਹੀਂ ਦੇ ਰਹੇ। ਉਹ ਖੁਸ਼ਹਾਲੀ ਲਿਆਉਣ ਦਾ ਸਿਰਫ ਦਾਅਵਾ ਕਰਦੇ ਹਨ, ਅਸਲ ਵਿੱਚ ਪਾਕਿਸਤਾਨ ਨੇ ਇਸ ਖੇਤਰ ਦੀ ਭਲਾਈ ਲਈ ਕੁਝ ਨਹੀਂ ਕੀਤਾ। ਟੈਕਸ ਦੇ ਬੋਝ ਅਤੇ ਵਧਦੀ ਮਹਿੰਗਾਈ ਦੇ ਕਰਨ ਗੁੱਸੇ ਵਿੱਚ ਆਏ ਮੁਜ਼ੱਫਰਾਬਾਦ ਦੇ ਮੁਮਨ ਮੁਨੀਰ ਨਾਂਅ ਦੇ ਇੱਕ ਰਿਕਸ਼ਾ ਚਾਲਕ ਨੇ ਕਿਹਾ ਕਿ ਇਮਰਾਨ ਖਾਨ ਨੇ ਪਾਕਿਸਤਾਨ ਨੂੰ ਬਦਲਣ ਦੇ ਨਾਂਅ 'ਤੇ ਲੋਕਾਂ ਦੀ ਜ਼ਿੰਦਗੀ ਨੂੰ ਬਦ ਤੋਂ ਬਦਤਰ ਕਰ ਦਿੱਤਾ ਹੈ। ਭਾਰੀ ਟੈਕਸ ਥੋਪ ਦਿੱਤੇ ਹਨ। ਗਰੀਬ ਕਿਵੇਂ ਗੁਜ਼ਾਰਾ ਕਰੇਗਾ? ਸਰਕਾਰ ਦੇ ਅਮੀਰ ਅਧਿਕਾਰੀ ਟੈਕਸ ਦੇ ਸਕਦੇ ਹਨ, ਅਸੀਂ ਨਹੀਂ। ਅਸੀਂ ਰੋਜ਼ਾਨਾ ਦੀ ਕਮਾਈ 'ਤੇ ਨਿਰਭਰ ਹਾਂ। ਅਸੀਂ ਪਾਕਿਸਤਾਨ ਨੂੰ ਏਨਾ ਕਹਿਣਾ ਚਾਹੁੰਦੇ ਹਾਂ ਕਿ ਜੇ ਉਹ ਸਾਡੀ ਭਲਾਈ ਚਾਹੁੰਦਾ ਹੈ ਤਾਂ ਆਮ ਲੋਕਾਂ ਦਾ ਸ਼ੋਸ਼ਣ ਬੰਦ ਕਰ ਦੇਵੇ। ਮੁਹੰਮਦ ਸਲਮਾਨ ਨਾਂਅ ਦੇ ਇੱਕ ਵਿਅਕਤੀ ਨੇ ਕਿਹਾ ਕਿ ਇਮਰਾਨ ਨੇ ਸਭ ਕੁਝ ਮਹਿੰਗਾ ਕਰ ਦਿੱਤਾ ਹੈ। ਖਾਣ ਦੇ ਸਾਮਾਨ ਤੋਂ ਲੈ ਕੇ ਕਮਰੇ ਦਾ ਕਿਰ-ਾਇਆ ਤੱਕ ਮਹਿੰਗਾ ਹੋ ਗਿਆ ਹੈ। ਮੁਜ਼ੱਫਰਾਬਾਦ ਦੇ ਇੱਕ ਵਿਅਕਤੀ ਨੇ ਕਿਹਾ ਕਿ ਮਹਿੰਗਾਈ ਏਨੀ ਵਧ ਗਈ ਹੈ ਕਿ ਆਮ ਲੋਕਾਂ ਨੂੰ ਜੀਣ ਮੁਸ਼ਕਲ ਹੋ ਗਿਆ ਹੈ। ਪੈਟਰੋਲ ਨੱਬੇ ਰੁਪਏ ਪ੍ਰਤੀ ਲੀਟਰ ਤੋਂ ਵਧ ਕੇ 160 ਰੁਪਏ ਲੀਟਰ ਤੋਂ ਪਾਰ ਪੁੱਜ ਗਿਆ ਹੈ। ਖੰਡ 60 ਰੁਪਏ ਪ੍ਰਤੀ ਕਿਲੋ ਤੋਂ 120 ਰੁਪਏ ਹੋ ਗਈ ਹੈ। ਆਟੇ ਦੀ ਦੀ ਇੱਕ ਬੋਰੀ ਪਹਿਲਾਂ 900 ਰੁਪਏ ਵਿੱਚ ਆਉਂਦੀ ਸੀ, ਪਰੰਤੂ ਹੁਣ 1100 ਰੁਪਏ ਵਿੱਚ ਮਿਲ ਰਹੀ ਹੈ।

# ਪਾਕਿਸਤਾਨ ਵਿੱਚ 2.3 ਕਰੋੜ ਬੱਚੇ ਸਕੂਲ ਜਾਣ ਦੀ ਥਾਂ ਘਰੇ ਬੈਠੇ



ਕਰਾਚੀ, 17 ਜੁਲਾਈ (ਪੋਸਟ ਬਿਊਰੋ)- ਸਕੂਲ ਨਾ ਜਾਣ ਵਾਲੇ ਬੱਚਿਆਂ ਦੇ ਮਾਮਲੇ ਵਿੱਚ ਪਾਕਿਸਤਾਨ ਸੰਸਾਰ ਦੇ ਦੂਸਰੇ ਸਥਾਨ 'ਤੇ ਹੈ। ਦੇਸ਼ ਵਿੱਚ ਕਰੀਬ ਦੋ ਕਰੋੜ ਤਿੰਨ ਲੱਖ ਬੱਚੇ ਸਕੂਲ ਨਹੀਂ ਜਾ ਰਹੇ। ਜੋ ਬੱਚੇ ਸਕੂਲ ਜਾਂਦੇ ਵੀ ਹਨ, ਉਨ੍ਹਾਂ ਵਿੱਚ ਕਈ ਠੀਕ ਤਰ੍ਹਾਂ ਲਿਖ-ਪੜ੍ਹ ਨਹੀਂ ਸਕਦੇ। ਇਹ ਖੁਲਾਸੇ ਇੱਕ ਰਿਪੋਰਟ ਵਿੱਚ ਹੋਏ ਹਨ। ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਵਿਲਸਨ ਸੈਂਟਰ ਏਸ਼ੀਆ ਪ੍ਰੋਗਰਾਮ ਵੱਲੋਂ ਜਾਰੀ ਨਵੀਂ ਰਿਪੋਰਟ ਵਿੱਚ ਇਹ ਸਬੂਤ ਸਾਹਮਣੇ ਆਏ ਹਨ। ਇਸ ਰਿਪੋਰਟ ਦਾ ਸਿਰਲੇਖ ਹੈ, 'ਕਿਉਂ ਪਾਕਿਸਤਾਨੀ ਬੱਚੇ ਪੜ੍ਹ ਨਹੀਂ ਪਾਉਂਦੇ?' ਰਿਪੋਰਟ ਵਿੱਚ ਪਾਕਿਸਤਾਨੀ ਸਿਖਿਆ ਵਿਵਸਥਾ ਦੀਆਂ ਕਮਜ਼ੋਰੀਆਂ ਅਤੇ ਉਨ੍ਹਾਂ ਕਾਰਨਾਂ 'ਤੇ ਚਾਨਣਾ ਪਾਇਆ ਗਿਆ ਹੈ, ਜਿਨ੍ਹਾਂ ਦੇ ਕਾਰਨ ਸਕੂਲ ਪੜ੍ਹਨ ਅਤੇ ਸਿੱਖਣ ਲਈ ਜ਼ਰੂਰੀ ਮੁਹਾਰਤ ਪ੍ਰਦਾਨ ਕਰਨ ਵਿੱਚ ਅਸਮਰਥ ਸਾਬਤ ਹੋ ਰਹੇ ਹਨ। ਵਿਲਸਨ ਸੈਂਟਰ ਦੀ ਗਲੋਬਲ ਫੈਲੋ ਨਾਦੀਆ ਨਵੀਵਾਲਾ ਦੀ ਅਗਵਾਈ ਵਿੱਚ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਰਿਪੋਰਟ ਲਗਭਗ 100 ਪਾਕਿਸਤਾਨੀ ਕਲਾਸਾਂ ਦਾ ਦੌਰਾ ਕਰ ਕੇ ਅਤੇ ਸਰਕਾਰੀ ਮੰਤਰੀਆਂ, ਕਈ ਉੱਚ ਅਧਿਕਾਰੀਆਂ, ਤਕਨੀਕੀ ਮਾਹਰਾਂ ਤੇ ਅੰਤਰਰਾਸ਼ਟਰੀ ਦਾਨੀਆਂ ਦੇ ਨਾਲ ਚਰਚਾ 'ਤੇ ਆਧਾਰਤ ਹੈ, ਜਿਸ ਵਿੱਚ ਵਿਦਿਆਰਥੀਆਂ ਅਤੇ ਟੀਚਰਾਂ ਦੇ ਨਾਲ ਇੰਟਰਵਿਊ ਵੀ ਸ਼ਾਮਲ ਹੈ। ਅਜਿਹਾ ਨਹੀਂ ਹੈ ਕਿ ਪਾਕਿਸਤਾਨ ਵਿੱਚ ਸਿਖਿਆ 'ਤੇ ਬਜਟ ਵਿੱਚ ਕੋਈ ਕਮੀ ਹੈ। ਪਾਕਿਸਤਾਨ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਬਾਹਰੀ ਵਿੱਤ ਪੋਸ਼ਣ ਸਿਖਿਆ ਸੁਧਾਰ ਪ੍ਰੋਗਰਾਮ ਹੈ ਅਤੇ 2001 ਦੇ ਬਾਅਦ ਤੋਂ ਸਿਖਿਆ ਦਾ ਬਜਟ 18 ਫੀਸਦੀ ਵਧਾਇਆ ਗਿਆ ਹੈ। ਅਸਲ ਵਿੱਚ ਪਾਕਿਸਤਾਨ ਦਾ ਸਿਖਿਆ ਬਜਟ, ਉਥੋਂ ਦੇ ਰੱਖਿਆ ਬਜਟ ਨੂੰ ਟੱਕਰ ਦਿੰਦਾ ਹੈ। ਇਸ ਲਈ ਵਿਦਿਆਰਥੀਆਂ ਦੇ ਪੜ੍ਹਨ ਤੇ ਸਿੱਖਣ ਦੀ ਕਮੀ ਅਤੇ ਸਿਖਿਆ ਦੀ ਖਰਾਬ ਗੁਣਵੱਤਾ ਹੋਰ ਵੀ ਵੱਡਾ ਮਾਮਲਾ ਬਣ ਕੇ ਸਾਹਮਣੇ ਆਇਆ ਹੈ, ਜੋ ਅੰਤਰਰਾਸ਼ਟਰੀ ਦਾਨੀਆਂ ਦੇ ਨਾਲ-ਨਾਲ ਨੀਤੀ ਨਿਰਮਾਤਾਵਾਂ ਦੇ ਲਈ ਵੀ ਚਿੰਤਾ ਦਾ ਵਿਸ਼ਾ ਹੈ।

# ਹੀਥਰੋ ਏਅਰ ਪੋਰਟ 'ਤੇ ਬਿਨਾਂ ਟਿਕਟ 12 ਸਾਲਾ ਬੱਚਾ ਉਡਾਣ 'ਚ ਸਵਾਰ



ਲੰਡਨ, 17 ਜੁਲਾਈ (ਪੋਸਟ ਬਿਊਰੋ)- ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਪਿੱਛੇ ਜਿਹੇ ਅਜੀਬ ਘਟਨਾ ਵਾਪਰੀ। ਅਸਲ 'ਚ ਇਥੇ ਇਕ 12 ਸਾਲਾ ਲੜਕਾ ਬਿਨਾਂ ਟਿਕਟ ਅਤੇ ਬੋਰਡਿੰਗ ਪਾਸ ਦੇ ਸੁਰੱਖਿਆ ਘੇਰਾ ਤੋੜਦਾ ਹੋਇਆ ਲਾਸ ਏਂਜਲਸ ਜਾਣ ਵਾਲੀ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ 'ਚ ਬੈਠ ਗਿਆ।

ਹਵਾਈ ਅੱਡੇ ਅਥਾਰਿਟੀ ਇਹ ਗੱਲ ਸਮਝ ਨਹੀਂ ਆ ਰਹੀ ਕਿ ਬਿਨਾਂ ਕਿਸੇ ਦੀਆਂ ਨਜ਼ਰਾਂ 'ਚ ਆਏ ਇਹ ਲੜਕਾ ਜਾਂਚ ਕਾਊਂਟਰ ਨੂੰ ਕਿਵੇਂ ਪਾਰ ਕਰ ਗਿਆ। ਰਿਪੋਰਟ ਮੁਤਾਬਕ ਲੜਕਾ ਇਕੱਲਾ ਹਵਾਈ ਅੱਡੇ 'ਤੇ ਆਇਆ ਅਤੇ ਇਕੱਲਾ ਹੀ ਲਾਸ ਏਂਜਲਸ ਜਾਣ ਵਾਲੀ ਉਡਾਣ 'ਚ ਜਾ ਬੈਠਾ। ਉਸ ਨੇ ਲਾਸ ਏਂਜਲਸ ਜਾ ਰਹੇ ਲੋਕਾਂ ਨਾਲ ਗੱਲਬਾਤ ਕੀਤੀ ਪਰ ਜਦੋਂ ਫਲਾਈਟ ਅੰਦਰ ਕੈਬਿਨ ਕਰਮਚਾਰੀ ਨੇ ਲੜਕੇ ਤੋਂ ਉਸ ਦਾ ਬੋਰਡਿੰਗ ਪਾਸ ਮੰਗਿਆ ਤਾਂ ਉਸ ਨੇ ਕਿਹਾ ਕਿ ਉਸ ਕੋਲ ਨਹੀਂ ਹੈ। ਕੈਬਿਨ ਕਰਮਚਾਰੀ ਇਹ ਸੋਚ ਕੇ ਹੈਰਾਨ ਰਹਿ ਗਿਆ ਕਿ ਇਹ ਅੰਦਰ ਕਿਵੇਂ ਆ ਗਿਆ। ਇਸ ਮਗਰੋਂ ਲੜਕੇ ਨੂੰ ਪੁਲਸ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਉਕਤ ਉਡਾਣ ਚਾਰ ਘੰਟੇ ਦੇਰੀ ਨਾਲ ਚੱਲੀ।

ਇਕ ਯਾਤਰੀ ਰਸ਼ੇਲ ਰਿਚਰਡਸਨ ਨੇ ਦੱਸਿਆ ਕਿ ਭਾਸ਼ਾ ਦੀ ਸਮੱਸਿਆ ਕਾਰਨ ਕੈਬਿਨ ਕਰਮਚਾਰੀ ਨਾਲ ਲੜਕਾ ਗੱਲ ਨਹੀਂ ਕਰ ਪਾ ਰਿਹਾ ਸੀ। ਉਹ ਡੱਚ ਭਾਸ਼ਾ ਬੋਲ ਰਿਹਾ ਸੀ। ਕਰਮਚਾਰੀ ਨੇ ਜਹਾਜ਼ 'ਚ ਮੌਜੂਦ ਯਾਤਰੀਆਂ ਨੂੰ ਪੁੱਛਿਆ ਕਿ ਕੀ ਕਿਸੇ ਨੂੰ ਡੱਚ ਭਾਸ਼ਾ ਆਉਂਦੀ ਹੈ। ਉਹ ਸਮਝ ਨਹੀਂ ਪਾ ਰਿਹਾ ਸੀ ਕਿ ਮੁੰਡੇ ਦਾ ਬੈਗ ਕਿੱਥੇ ਹੈ। ਇਸ ਕਾਰਨ ਪੂਰੇ ਜਹਾਜ਼ ਨੂੰ ਖਾਲੀ ਕਰਾਉਣਾ ਪਿਆ ਤੇ ਯਾਤਰੀਆਂ ਨੂੰ ਸੁਰੱਖਿਆ ਜਾਂਚ ਵਿੱਚੋਂ ਦੁਬਾਰਾ ਲੰਘਣਾ ਪਿਆ। ਘਟਨਾ ਦੇ ਸਾਹਮਣੇ ਆਉਣ ਮਗਰੋਂ ਸਵਾਲ ਉਠਣ ਲੱਗੇ ਹਨ ਕਿ ਹਵਾਈ ਅੱਡੇ ਦੀ ਸੁਰੱਖਿਆ ਵਿੱਚ ਏਨੀ ਵੱਡੀ ਲਾਪਰਵਾਹੀ ਕਿਵੇਂ ਹੋ ਗਈ। ਜਾਂਚਕਰਤਾ ਪੂਰੇ ਮਾਮਲੇ ਦੀ ਪੜਤਾਲ 'ਚ ਲੱਗੇ ਹੋਏ ਹਨ। ਸਕਾਟਲੈਂਡ ਯਾਰਡ ਦੇ ਬੁਲਾਰੇ ਦਾ ਕਹਿਣਾ ਹੈ ਕਿ ਸੰਭਵ ਹੈ ਕਿ ਮੁੰਡਾ ਇਕ ਟ੍ਰਾਂਸਿਟ ਯਾਤਰੀ ਹੋਵੇ, ਜੋ ਹੀਥਰੋ ਹਵਾਈ ਅੱਡੇ 'ਤੇ ਰੁਕ ਕੇ ਲੰਘੀ ਉਡਾਣ 'ਚ ਰਹਿ ਗਿਆ ਹੋਵੇ ਤੇ ਉਤਰ ਗਿਆ ਹੋਵੇ। ਉਹ ਹਵਾਈ ਅੱਡਾ ਘੁੰਮ ਕੇ ਵਾਪਸ ਜਾਣ ਲਈ ਗਲਤ ਉਡਾਣ 'ਚ ਦਾਖਲ ਹੋ ਗਿਆ ਹੋਵੇ।

# ਚੰਦਰਮਾ ਉਤੇ ਮਨੁੱਖੀ ਮੁਹਿੰਮ ਦੇ 50 ਸਾਲ ਪੂਰੇ



ਕੇਪ ਕੈਨੇਵਰਲ, 17 ਜੁਲਾਈ (ਪੋਸਟ ਬਿਊਰੋ)- ਅੱਜ ਤੋਂ 50 ਸਾਲ ਪਹਿਲੇ 16 ਜੁਲਾਈ 1969 ਨੂੰ ਚੰਦਰਮਾ ਉੱਤੇ ਪਹਿਲੀ ਸਫਲ ਮਨੁੱਖੀ ਮੁਹਿੰਮ ਅਪੋਲੋ-11 ਨੂੰ ਭੇਜਿਆ ਗਿਆ ਸੀ। ਇਸ ਮੌਕੇ ਉਸ ਮੁਹਿੰਮ ਵਿੱਚ ਸ਼ਾਮਲ ਰਹੇ ਅਮਰੀਕੀ ਪੁਲਾੜ ਯਾਤਰੀ ਫਿਰ ਕੈਨੇਡੀ ਸਪੇਸ ਸੈਂਟਰ ਦੇ ਉਸ ਸਥਾਨ 'ਤੇ ਇਕੱਠੇ ਹੋਏ, ਜਿਥੋਂ ਉਨ੍ਹਾਂ ਦੇ ਪੁਲਾੜ ਜਹਾਜ਼ ਨੇ ਚੰਦਰਮਾ ਲਈ ਉਡਾਣ ਭਰੀ ਸੀ। ਕੱਲ੍ਹ ਇਸ ਪ੍ਰੋਗਰਾਮ ਵਿੱਚ ਪੁਲਾੜ ਯਾਤਰੀ ਐਡਵਿਨ ਐਲਡਰਿਨ (89) ਤੇ ਮਾਈਕਲ ਕੋਲਿਨਸ (88) ਨੇ ਅਪੋਲੋ-11 ਦੀ 50ਵੀਂ ਵਰ੍ਹੇਗੰਡ ਦੇ ਜਸ਼ਨ ਦੀ ਸ਼ੁਰੂਆਤ ਕੀਤੀ ਜੋ ਇਕ ਹਫਤੇ ਤੱਕ ਜਾਰੀ ਰਹੇਗਾ।

ਅਪੋਲੋ-11 ਦੇ ਕਮਾਂਡਰ ਅਤੇ ਚੰਦਰਮਾ ਦੀ ਜ਼ਮੀਨ 'ਤੇ ਪਹਿਲਾ ਕਦਮ ਰੱਖਣ ਵਾਲੇ ਨੀਲ ਆਰਮਸਟਰਾਂਗ ਦਾ 2012 ਵਿੱਚ ਦੇਹਾਂਤ ਹੋ ਗਿਆ ਸੀ। ਇਸ ਲਈ ਇਸ ਪ੍ਰੋਗਰਾਮ ਵਿੱਚ ਸਭ ਦੀਆਂ ਨਜ਼ਰਾਂ ਐਲਡਰਿਨ 'ਤੇ ਹੀ ਟਿੱਕੀਆਂ ਸਨ, ਜੋ ਨੀਲ ਪਿੱਛੋਂ ਚੰਦਰਮਾ 'ਤੇ ਉਤਰੇ ਸਨ। ਚੰਦਰਮਾ 'ਤੇ ਅੱਜ ਤੱਕ ਕੇਵਲ 12 ਲੋਕ ਉਤਰੇ ਹਨ, ਜਿਨ੍ਹਾਂ ਵਿੱਚੋਂ ਚਾਰ ਹੀ ਜ਼ਿੰਦਾ ਹਨ। ਅਮਰੀਕੀ ਪੁਲਾੜ ਜਹਾਜ਼ ਨੂੰ ਚੰਦਰਮਾ 'ਤੇ ਉਤਰਨ ਲਈ ਚਾਰ ਦਿਨ ਲੱਗੇ ਸਨ। 20 ਜੁਲਾਈ 1969 ਨੂੰ ਜਹਾਜ਼ ਚੰਦਰਮਾ ਦੀ ਸਤ੍ਹਾ 'ਤੇ ਉਤਰਿਆ ਸੀ। ਇਸ ਪਿੱਛੋਂ ਨੀਲ ਚੰਦਰਮਾ ਦੀ ਸਤ੍ਹਾ ਉਤੇ ਉਤਰਨ ਵਾਲੇ ਦੁਨੀਆ ਦੇ ਪਹਿਲੇ ਅਤੇ ਐਲਡਰਿਨ ਦੂਜੇ ਵਿਅਕਤੀ ਬਣੇ ਸਨ। ਕੋਲਿਨਸ 'ਕੋਲੰਬੀਆ' ਨਾਮਕ ਮੁੱਖ ਜਹਾਜ਼ ਵਿੱਚ ਰੁਕੇ ਸਨ। ਇਸ ਜਹਾਜ਼ ਰਾਹੀਂ ਤਿੰਨੋਂ ਧਰਤੀ 'ਤੇ ਪਰਤੇ ਸਨ। ਅਪੋਲੋ-11 ਕਿਸੇ ਆਕਾਸ਼ੀ ਪਿੰਡ 'ਤੇ ਮਨੁੱਖ ਨੂੰ ਉਤਾਰਨ ਦੀ ਪਹਿਲੀ ਮੁਹਿੰਮ ਸੀ ਜਿਸ ਦੀ ਸਫਲਤਾ ਨੇ ਪੁਲਾੜ ਵਿ-ਗਿਆਨ ਦੇ ਖੇਤਰ ਵਿੱਚ ਨਵਾਂ ਕੀਰਤੀਮਾਨ ਰੱਚ ਦਿੱਤਾ।

# ਚੀਨ ਨੇ ਸ੍ਰੀਲੰਕਾ ਨੂੰ ਤੋਹਫੇ ਵਿੱਚ ਜੰਗੀ ਬੇੜਾ ਦਿੱਤਾ



ਬੀਜਿੰਗ, 17 ਜੁਲਾਈ (ਪੋਸਟ ਬਿਊਰੋ)- ਸ੍ਰੀਲੰਕਾ ਨੂੰ ਆਕਰਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਦੇ ਲਈ ਚੀਨ ਨੇ ਉਸ ਨੂੰ ਇੱਕ ਜੰਗੀ ਬੇੜਾ (ਪੀ 625) ਤੋਹਫੇ ਵਿੱਚ ਦਿੱਤਾ ਹੈ। ਪਿਛਲੇ ਹਫਤੇ ਇਹ ਕੋਲੰਬੋ ਪਹੁੰਚ ਗਿਆ। ਇਸ ਨੂੰ ਚੀਨ ਵੱਲੋਂ ਹਿੰਦ ਮਹਾਸਾਗਰ ਵਿੱਚ ਦਬਦਬਾ ਵਧਾਉਣ ਦੀ ਜੁਗਤ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।

ਦੱਸਣਾ ਬਣਦਾ ਹੈ ਕਿ 052 ਟਾਈਪ ਦੇ ਇਸ ਜੰਗੀ ਬੇੜੇ ਨੂੰ ਚੀਨ ਦੀ ਸਮੁੰਦਰੀ ਫੌਜ ਵਿੱਚ 1994 ਵਿੱਚ ਸ਼ਾਮਲ ਕੀਤਾ ਗਿਆ ਸੀ। 2300 ਟਨ ਵਜ਼ਨੀ ਇਸ ਜੰਗੀ ਬੇੜੇ ਨੂੰ 2014 ਵਿੱਚ ਸਮੁੰਦਰੀ ਫੌਜ ਤੋਂ ਰਿਟਾਇਰ ਕਰ ਦਿੱਤਾ ਗਿਆ ਸੀ। ਇਸ ਦੇ ਬਾਅਦ ਇਸ ਨੂੰ ਸ੍ਰੀਲੰਕਾ ਨੇਵੀ ਨੂੰ ਤੋਹਫੇ ਵਿੱਚ ਦਿੱਤਾ ਗਿਆ। ਸ੍ਰੀਲੰਕਾ ਸਮੁੰਦਰੀ ਫੌਜ ਦੇ ਕਮਾਂਡਰ ਵਾਈਸ ਐਡਮਿਰਲ ਪਿਅਲ ਡੀਸਿਲਵਾ ਨੇ ਜੰਗੀ ਬੇੜੇ ਦੇ ਲਈ ਚੀਨ ਨੂੰ ਧੰਨਵਾਦ ਕੀਤਾ ਹੈ। ਸ੍ਰੀਲੰਕਾ ਦੀ ਸਮੁੰਦਰੀ ਫੌਜ ਨੇ ਲਿੱਟੇ ਦੇ ਖਿਲਾਫ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਮੌਜੂਦਾ ਸਮੇਂ ਵਿੱਚ ਉਸ ਦੇ ਕੋਲ ਕਰੀਬ 50 ਲੜਾਕੂ, ਸਪੋਰਟ ਸ਼ਿਪ ਅਤੇ ਸਮੁੰਦਰੀ ਇਲਾਕਿਆਂ ਦੀ ਨਿਗਰਾਨੀ ਦੇ ਲਈ ਗਸ਼ਤੀ ਪਲੇਨ ਹਨ, ਜੋ ਮੁੱਖ ਰੂਪ ਤੋਂ ਭਾਰਤ, ਅਮਰੀਕਾ, ਚੀਨ ਅਤੇ ਇਜ਼ਰਾਈਲ ਤੋਂ ਮਿਲੇ ਹਨ।

Honesty, Reliability, Commitment
Hira Randhawa
Broker
• 1 yr Home Warranty
• Appliances & Furniture
• 40% Discount on Brand Name
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 Sandalwood & Conestoga — Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 Dixie/Octillo — Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 Charleston Side Rd/Main St. — Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 Charolais/Chinguacousy Rd — Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
• Low Down payment/Flexible Terms
• Large Inventory of New Trucks & Trailers
• Quick Approvals • Honest Service
• Best Rate in Town • Offices all over Canada
For more Information Contact
Rajdeep: 647.707.4167
Office: 905.678.2424

BEST TRUCK REPAIR & TIRE CENTRE
MICHELIN, Hankook, Continental, ROADLUX, BFGoodrich, AEOLUS, COMPASAL, Chevron, Delo
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬਰਗਾੜੀ ਘਟਨਾ ਬਾਰੇ ਕੈਪਟਨ ਸਰਕਾਰ ਵੱਲੋਂ ਸੀ ਬੀ ਆਈ ਨੂੰ ਨਵੀਂ ਚਿੱਠੀ



ਜਲੰਧਰ, 17 ਜੁਲਾਈ (ਪੋਸਟ ਬਿਊਰੋ)- ਬਰਗਾੜੀ ਵਿਖੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਸੀ ਬੀ ਆਈ ਵੱਲੋਂ ਆਪਣੀ ਕਲੋਜ਼ਰ ਰਿਪੋਰਟ ਦੇ ਬਾਅਦ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਸੀ ਬੀ ਆਈ ਨੂੰ ਚਿੱਠੀ ਲਿਖ ਕੇ ਕਾਪੀ ਦੀ ਮੰਗ ਕੀਤੀ ਹੈ। ਸਰਕਾਰੀ ਹਲਕਿਆਂ ਮੁਤਾਬਕ ਕੈਪਟਨ ਸਰਕਾਰ ਨੇ ਸੀ ਬੀ ਆਈ ਵੱਲੋਂ ਬੰਦ ਕੀਤੀ ਗਈ ਜਾਂਚ ਦਾ ਕਾਨੂੰਨੀ ਪੱਖੋਂ ਅਧਿਐਨ ਕਰਨ ਦਾ ਫੈਸਲਾ ਕੀਤਾ ਹੈ, ਜਿਸ ਪਿੱਛੋਂ ਇਸ ਰਿਪੋਰਟ ਨੂੰ ਸੀ ਬੀ ਆਈ ਦੀ ਅਦਾਲਤ 'ਚ ਚੁਣੌਤੀ ਦਿੱਤੀ ਜਾ ਸਕਦੀ ਹੈ। ਪੰਜਾਬ ਪੁਲਸ ਦੇ ਚੋਟੀ ਦੇ ਅਧਿਕਾਰੀਆਂ ਵੱਲੋਂ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਲਗਾਤਾਰ ਸੰਪਰਕ ਰੱਖਿਆ ਜਾ ਰਿਹਾ ਹੈ। ਸਰਕਾਰੀ ਸੂਤਰਾਂ ਮੁਤਾਬਕ 2015 ਵਿੱਚ ਬਰਗਾੜੀ ਘਟਨਾ ਤੋਂ ਬਾਅਦ ਜਾਂਚ ਦਾ ਕੰਮ ਓਦੋਂ ਦੀ ਸਰਕਾਰ ਨੇ ਸੀ ਬੀ ਆਈ ਨੂੰ ਸੌਂਪਿਆ ਸੀ। ਇਸ ਦੇ ਨਾਲ ਇਸ ਦੀ ਜਾਂਚ ਐੱਸ ਆਈ ਟੀ ਨੂੰ ਵੀ ਸੌਂਪੀ ਗਈ ਤੇ ਅੱਜ ਕੱਲ੍ਹ ਐੱਸ ਆਈ ਟੀ ਜਾਂਚ ਕਰ ਰਹੀ ਹੈ। ਪੰਜਾਬ ਪੁਲਸ ਦੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਾਏ ਹੈ ਕਿ ਜਾਂਚ ਰਿਪੋਰਟ ਨੂੰ ਸੀ ਬੀ ਆਈ ਵੱਲੋਂ ਬੰਦ ਕਰ ਦੇਣ ਦੇ ਬਾਵਜੂਦ ਉਸ ਦੀ ਐੱਸ ਆਈ ਟੀ ਵੱਲੋਂ ਚੱਲ ਰਹੀ ਜਾਂਚ 'ਤੇ ਕੋਈ ਅਸਰ ਨਹੀਂ ਪਏਗਾ, ਉਲਟਾ ਐੱਸ ਆਈ ਟੀ ਨੂੰ ਹੋਰ ਡੂੰਘਾਈ ਵਿੱਚ ਜਾ ਕੇ ਮਾਮਲੇ ਦੀ ਜਾਂਚ ਕਰਨੀ ਹੋਵੇਗੀ। ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਸ਼ਿਕਾਇਤ ਕਰਤਾ ਪਹਿਲਾਂ ਪੰਜਾਬ ਪੁਲਸ ਕੋਲ ਆਇਆ ਸੀ ਅਤੇ ਰਾਜ ਸਰਕਾਰ ਨੇ ਬਰਗਾੜੀ ਘਟਨਾ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਸੀ। ਇਸ ਲਈ ਸੀ ਬੀ ਆਈ ਨੂੰ ਜਾਂਚ ਰਿਪੋਰਟ ਬੰਦ ਕਰਨ ਤੋਂ ਪਹਿਲਾਂ ਸੰਬੰਧਤ ਅਦਾਲਤ ਦੇ ਵਿੱਚ ਪੰਜਾਬ ਸਰਕਾਰ ਦਾ ਪੱਖ ਰੱਖਣ ਦਾ ਮੌਕਾ ਦੇਣਾ ਚਾਹੀਦਾ ਸੀ।

# ਪਰਚੀ ਘੋਟਾਲਾ ਮਾਮਲੇ ਵਿਚ ਹਾਈ ਕੋਰਟ ਨੇ ਪਸ਼ੂ ਪਾਲਣ ਵਿਭਾਗ ਦਾ ਸੈਕਟਰੀ ਤਲਬ ਕੀਤਾ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਵੈਟਰਨਰੀ ਹਸਪਤਾਲਾਂ ਵਿੱਚ ਪਰਚੀ ਫੀਸ ਵਿੱਚ ਹੋਏ ਕਰੀਬ ਸੱਤ ਲੱਖ ਰੁਪਏ ਦੇ ਗਬਨ ਦੇ ਦੋਸ਼ੀ ਅਧਿਕਾਰੀਆਂ ਖਿਲਾਫ ਕਾਰਵਾਈ ਨਾ ਕਰਨ ਉਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪਸ਼ੂ ਪਾਲਣ ਵਿਭਾਗ ਦੇ ਸੈਕਟਰੀ ਨੂੰ ਤਲਬ ਕੀਤਾ ਹੈ। ਇਹ ਗਬਨ ਸਾਲ 2006 ਤੋਂ 2012 ਵਿਚਾਲੇ ਦਾ ਹੈ। ਵਰਨਣ ਯੋਗ ਹੈ ਕਿ ਛੇ ਸਾਲ ਤੱਕ ਵੈਟਨਰੀ ਹਸਪਤਾਲਾਂ ਵਿੱਚ ਪਰਚੀ ਫੀਸ ਵਜੋਂ ਵਸੂਲੀ ਜਾਣ ਵਾਲੀ ਰਕਮ ਨੂੰ ਪੰਜਾਬ ਸਰਕਾਰ ਦੇ ਖਾਤੇ ਵਿੱਚ ਜਮ੍ਹਾ ਨਾ ਕਰਵਾਏ ਜਾਣ ਦੇ ਦੋਸ਼ ਵਿੱਚ ਹਾਈ ਕੋਰਟ ਨੇ ਜਾਂਚ ਦੇ ਹੁਕਮ ਦਿੱਤੇ ਸਨ। ਇਸ ਜਾਂਚ ਵਿੱਚ 1200 ਦੇ ਕਰੀਬ ਮੁਲਾਜ਼ਮ ਵੱਲੋਂ ਗਬਨ ਕਰਨ ਦੀ ਗੱਲ ਨਿਕਲੀ ਸੀ। ਇਨ੍ਹਾਂ ਖਿਲਾਫ ਕਾਰਵਾਈ ਨਾ ਕਰਨ ਉੱਤੇ ਹਾਈ ਕੋਰਟ ਵਿੱਚ ਉਲੰਘਣਾ ਪਟੀਸ਼ਨ ਦਾਇਰ ਹੋਣ ਤਾਂ ਜਵਾਬ ਵਿੱਚ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਐਫੀਡੇਵਿਟ ਦਿੱਤਾ ਕਿ ਇਸ ਗਬਨ ਵਿੱਚ ਸ਼ਾਮਲ ਨਿਕਲੇ 1200 ਤੋਂ ਵੱਧ ਮੁਲਾਜ਼ਮਾਂ ਤੋਂ ਗਬਨ ਦੀ ਰਕਮ ਦੀ ਵਸੂਲੀ ਜਾ ਚੁੱਕੀ ਹੈ, ਸਿਰਫ ਸੱਤ-ਅੱਠ ਕਰਮਚਾਰੀਆਂ ਤੋਂ ਵਸੂਲੀ ਕੀਤੀ ਜਾਣੀ ਬਾਕੀ ਹੈ। ਇੰਦਰਜੀਤ ਸਿੰਘ ਨੇ ਕਿਹਾ ਕਿ ਇਨ੍ਹਾਂ 1200 ਵਿੱਚ ਸ਼ਾਮਲ ਕਰੀਬ 400 ਵੈਟਰਨਰੀ ਡਾਕਟਰਾਂ ਅਤੇ ਵੈਟਰਨਰੀ ਅਫਸਰਾਂ ਖਿਲਾਫ ਕਾਰਵਾਈ ਕਰਨ ਲਈ ਐਡੀਸ਼ਨਲ ਚੀਫ ਸੈਕਟਰੀ ਨੂੰ ਲਿਖਿਆ ਹੈ। ਇਨ੍ਹਾਂ ਦੇ ਖਿਲਾਫ ਹੋਣ ਵਾਲੀ ਕਾਰਵਾਈ ਦੇ ਆਧਾਰ 'ਤੇ ਹੀ ਗਬਨ ਵਿੱਚ ਸ਼ਾਮਲ ਬਾਕੀ ਕਰਮਚਾਰੀਆਂ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਏਗੀ। ਜਸਟਿਸ ਅਵਨੀਸ਼ ਝਿੰਗਨ ਦੀ ਬੈਂਚ ਨੇ ਪੰਜਾਬ ਸਰਕਾਰ ਨੂੰ ਫਿਟਕਾਰ ਲਾਉਂਦੇ ਹੋਏ ਕਿਹਾ ਕਿ ਸਾਲ 2016-17 ਵਿੱਚ ਕੀਤੀ ਜਾਂਚ ਵਿੱਚ 1200 ਲੋਕਾਂ ਦੀ ਸ਼ਮੂਲੀਅਤ ਦੇ ਸਬੂਤ ਸਾਹਮਣੇ ਆ ਗਏ ਸਨ। ਅੱਜ ਤੱਕ ਇਨ੍ਹਾਂ ਤੋਂ ਸਿਰਫ ਰਿਕਵਰੀ ਕੀਤੀ ਹੈ ਅਤੇ ਇਨ੍ਹਾਂ ਦੇ ਖਿਲਾਫ ਕਾਰਵਾਈ ਨਹੀਂ ਕੀਤੀ ਗਈ।

# ਸਕੂਲ ਪ੍ਰਿੰਸੀਪਲ ਦੇ ਘਰ ਕਰੋੜਾਂ ਰੁਪਏ ਦੀ ਚੋਰੀ ਕਰਨ ਦੇ ਦੋਸ਼ ਹੇਠ ਚਾਰ ਗ੍ਰਿਫਤਾਰ



ਅੰਮ੍ਰਿਤਸਰ, 17 ਜੁਲਾਈ (ਪੋਸਟ ਬਿਊਰੋ)- ਇਸ ਮਹਾਂਨਗਰ ਦੇ ਰਾਣੀ ਕਾ ਬਾਗ ਦੀ ਇਕ ਕੋਠੀ 'ਚੋਂ ਬੀਤੇ ਦਿਨ ਹੋਈ ਚੋਰੀ ਦੇ ਕੇਸ ਵਿੱਚ ਪੁਲਸ ਨੇ ਚਾਰ ਜਣਿਆਂ ਨੂੰ ਕਾਬੂ ਕੀਤਾ ਅਤੇ ਉਨ੍ਹਾਂ ਕੋਲੋਂ ਚੋਰੀ ਕੀਤੇ ਮਾਲ 'ਚੋਂ ਲਗਭਗ ਇਕ ਕਰੋੜ ਚਾਰ ਲੱਖ ਰੁਪਏ ਨਕਦੀ ਅਤੇ ਸੋਨਾ ਬਰਾਮਦ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਇਕ ਸਕੂਲ ਦੀ ਪ੍ਰਿੰਸੀਪਲ ਸੁਧਾ ਭੰਡਾਰੀ ਨੇ ਕੁਝ ਦਿਨ ਪਹਿਲਾਂ ਪੁਲਸ ਨੂੰ ਸ਼ਿਕਾਇਤ ਦਰਜ ਕਰਾਈ ਸੀ ਕਿ ਉਹ ਵਿਦੇਸ਼ ਗਈ ਸੀ ਤੇ ਜਦੋਂ ਵਾਪਸ ਪਰਤੀ ਤਾਂ ਉਸ ਦੇ ਘਰ ਚੋਰੀ ਹੋ ਚੁੱਕੀ ਸੀ। ਚੋਰੀ ਦੌਰਾਨ ਉਸ ਦੇ ਲਗਭਗ ਡੇਢ ਕਰੋੜ ਰੁਪਏ ਤੇ ਉਸ ਤੋਂ ਵੱਧ ਮੁੱਲ ਦਾ ਸੋਨਾ ਤੇ ਜੇਵਰਾਤ ਚੋਰੀ ਹੋ ਗਿਆ ਹੈ। ਪੁਲਸ ਕਮਿਸ਼ਨਰ ਐਸ ਐਸ ਸ੍ਰੀਵਾਸਤਵ ਨੇ ਦੱਸਿਆ ਕਿ ਪੁਲਸ ਨੇ ਜਾਂਚ ਵਿੱਚ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਅਨਮੋਲ ਉਰਫ ਚਾਂਦ ਵਾਸੀ ਤੁੰਗਬਾਲਾ, ਅਨੀਕੇਡ ਉਰਫ ਭੋਲੂ ਵਾਸੀ ਅਲਬਰਟ ਰੋਡ, ਹੀਰਾ ਸਿੰਘ ਉਰਫ ਮੋਟਾ ਅਤੇ ਹਰਵਿੰਦਰ ਸਿੰਘ ਉਰਫ ਧੀਰਾ ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਪੁਲਸ ਨੇ 28 ਲੱਖ ਰੁਪਏ ਨਕਦ ਅਤੇ 76 ਲੱਖ 81 ਹਜ਼ਾਰ ਰੁਪਏ ਮੁੱਲ ਦਾ ਸੋਨਾ ਤੇ ਜੇਵਰਾਤ ਬਰਾਮਦ ਕੀਤੇ ਹਨ। ਬਰਾਮਦ ਕੀਤੇ ਸੋਨੇ ਵਿੱਚ ਦੋ ਕਿਲੋ ਵਜ਼ਨ ਦੀਆਂ ਦੋ ਸੋਨੇ ਦੀਆਂ ਇੱਟਾਂ ਅਤੇ 227 ਗ੍ਰਾਮ ਦੇ ਸੋਨੇ ਦੇ ਜੇਵਰਾਤ ਸ਼ਾਮਲ ਹਨ, ਜਿਨ੍ਹਾਂ ਦੀ ਕੁੱਲ ਕੀਮਤ 76 ਲੱਖ ਰੁਪਏ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਅੱਠ ਜੁਲਾਈ ਨੂੰ ਸ੍ਰੀਮਤੀ ਸੁਧਾ ਨੇ ਸ਼ਿਕਾਇਤ ਕੀਤੀ ਤਾਂ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਨਾਮਜ਼ਦ ਕੀਤੇ ਇਨ੍ਹਾਂ ਲੋਕਾਂ ਨੂੰ ਮਜੀਠਾ ਰੋਡ ਤੋਂ ਕਾਬੂ ਕੀਤਾ ਸੀ। ਗ੍ਰਿਫਤਾਰ ਕੀਤੇ ਚਾਂਦ ਦੀ ਭੂਆ ਸੁਧਾ ਭੰਡਾਰੀ ਦੇ ਘਰ ਪਿਛਲੇ ਕਈ ਸਾਲਾਂ ਤੋਂ ਦੇਖ ਰੇਖ ਦਾ ਕੰਮ ਕਰ ਰਹੀ ਸੀ। ਇਸ ਦੌਰਾਨ ਚਾਂਦ ਉਥੇ ਜਾਂਦਾ ਹੁੰਦਾ ਸੀ ਤੇ ਉਸ ਨੂੰ ਘਰ ਵਿੱਚ ਨਕਦੀ ਅਤੇ ਜੇਵਰਾਤ ਹੋਣ ਦਾ ਪਤਾ ਸੀ। ਜਦੋਂ ਸ੍ਰੀਮਤੀ ਭੰਡਾਰੀ ਵਿਦੇਸ਼ ਗਈ ਤਾਂ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਹ ਚੋਰੀ ਕੀਤੀ ਸੀ।

# ਬਿਜਲੀ ਪ੍ਰੋਜੈਕਟ ਵੇਚਣ ਦੇ ਨਾਂਅ ਉੱਤੇ ਚਾਰ ਕਰੋੜ ਦੀ ਠੱਗੀ ਵੱਜੀ

ਬਠਿੰਡਾ, 17 ਜੁਲਾਈ (ਪੋਸਟ ਬਿਊਰੋ)- ਬਿਜਲੀ ਬਣਾਉਣ ਦਾ ਪ੍ਰੋਜੈਕਟ ਵੇਚਣ ਦੇ ਨਾਂਅ ਉੱਤੇ ਚਾਰ ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਬਠਿੰਡਾ ਪੁਲਸ ਨੇ ਧੋਖਾਦੇਹੀ ਦਾ ਕੇਸ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਜਾਂਚ ਅਧਿਕਾਰੀ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਜਸਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਰਾਮਗੜ੍ਹ ਜ਼ਿਲ੍ਹਾ ਫਰੀਦਕੋਟ ਨੇ ਚਮਨਦੀਪ ਸਿੰਘ, ਮਨਦੀਪ ਸਿੰਘ, ਦਲਬੀਰ ਸਿੰਘ, ਬਲਵੰਤ ਕੌਰ, ਹਨਦੀਪ ਕੌਰ, ਹਰਲੀਨ ਕੌਰ ਦੇ ਵਿਰੁੱਧ ਸ਼ਿਕਾਇਤ ਕੀਤੀ ਸੀ ਕਿ ਮੈਂ ਸੰਗਰੂਰ ਤੋਂ ਆਪਣਾ ਕੰਮ ਕਰ ਕੇ ਵਾਪਸ ਬਠਿੰਡਾ ਜਾ ਰਿਹਾ ਸੀ ਤਾਂ ਬਰਨਾਲਾ ਵਿੱਚ ਇੱਕ ਮਾਲ ਵਿੱਚਾਂ ਖਾਣ-ਪੀਣ ਲਈ ਰੁਕਿਆ ਸਾਂ। ਉਥੇ ਪਹਿਲਾਂ ਤੋਂ ਮੇਰੇ ਦੋਸਤ ਬਲਕਾਰ ਸਿੰਘ ਵਾਸੀ ਗੋਨਿਆਣਾ ਮੰਡੀ, ਯਾਦਵਿੰਦਰ ਸਿੰਘ ਉਰਫ ਸ਼ੈਟੀ ਤੇ ਉਸ ਦਾ ਭਰਾ ਰਾਜਮਿੰਦਰ ਸਿੰਘ ਖੜ੍ਹੇ ਸਨ, ਜਿਨ੍ਹਾਂ ਦੇ ਨਾਲ ਇੱਕ ਵਿਅਕਤੀ ਚਮਨਦੀਪ ਸਿੰਘ ਉਰਫ ਮਿਲਖੀ ਖੜ੍ਹਾ ਸੀ, ਜਿਸ ਨਾਲ ਮੇਰੇ ਦੋਸਤ ਬਲਕਾਰ ਸਿੰਘ ਨੇ ਪਛਾਣ ਕਰਵਾਈ ਤਾਂ ਚਮਨਦੀਪ ਨੇ ਮੈਨੂੰ ਕਿਹਾ ਕਿ ਸਾਡਾ ਬਠਿੰਡਾ 'ਚ ਸਰਹੱਦ ਨਹਿਰ ਉਤੇ ਐਸ ਕੈ ਹੈਡਰੋ ਕੰਪਨੀ ਦੇ ਨਾਂਅ 'ਤੇ ਬਿਜਲੀ ਪ੍ਰੋਜੈਕਟ ਲੱਗਾ ਹੋਇਆ ਹੈ, ਜਿਸ ਦੀ ਆਮਦਨ 10 ਲੱਖ ਰੁਪਏ ਮਹੀਨਾ ਹੈ, ਤੁਸੀਂ ਇਸ ਪ੍ਰੋਜੈਕਟ ਨੂੰ ਖਰੀਦ ਸਕਦੇ ਹੋ। ਉਨ੍ਹਾਂ ਦੀਆਂ ਗੱਲਾਂ ਵਿੱਚ ਆ ਕੇ ਮੈਂ ਪ੍ਰੋਜੈਕਟ ਖਰੀਦਣ ਦੀ ਹਾਮੀ ਭਰ ਦਿੱਤੀ ਤਾਂ ਉਸ ਨੇ ਪ੍ਰੋਜੈਕਟ ਐਗਰੀਮੈਂਟ ਦੀ ਫੋਟੋ ਕਾਪੀ ਦਿਖਾਈ ਅਤੇ ਕਿਹਾ ਕਿ ਤੁਹਾਨੂੰ ਪ੍ਰੋਜੈਕਟ ਦਾ ਕਬਜ਼ਾ ਦੇ ਦਿੱਤਾ ਜਾਵੇਗਾ। ਸ਼ੇਅਰ ਵੀ ਤੁਹਾਡੇ ਨਾਂਅ ਟਰਾਂਸਫਰ ਕਰ ਦਿੱਤੇ ਜਾਣਗੇ। ਸਮਝੌਤੇ ਅਨੁਸਾਰ ਬਲਵੀਰ ਕੌਰ ਨੂੰ ਇਸ ਪ੍ਰੋਜੈਕਟ ਨੂੰ ਵੇਚਣ ਦੇ ਅਧਿਕਾਰ ਸਨ। ਪ੍ਰੋਜੈਕਟ 'ਤੇ ਸਟੇਟ ਬੈਂਕ ਆਫ ਇੰਡੀਆ ਦਾ ਲੋਨ ਦੱਸਿਆ ਗਿਆ ਸੀ। ਤਿੰਨ ਕਰੋੜ 82 ਲੱਖ ਦੀ ਰਕਮ ਉਨ੍ਹਾਂ ਦੇ ਖਾਤਿਆਂ 'ਚ ਜਮ੍ਹਾ ਕਰਵਾ ਕੇ ਉਨ੍ਹਾਂ ਦੀਆਂ ਕਰੀਬ ਚਾਰ ਕਰੋੜ ਦੀਆਂ ਸੰਪਤੀਆਂ ਬੈਂਕ 'ਚ ਰਿਲੀਜ਼ ਕਰਵਾ ਲਈਆਂ, ਪਰ ਉਨ੍ਹਾਂ ਨੇ ਪ੍ਰੋਜੈਕਟ ਮੇਰੇ ਨਾਂਅ ਨਹੀਂ ਕਰਵਾਇਆ, ਜਦੋਂ ਕਿ ਉਨ੍ਹਾਂ ਦੇ ਅਕਾਊਂਟ ਨੂੰ ਬੈਂਕ ਨੇ ਐੱਨ ਪੀ ਏ ਐਲਾਨਿਆ ਹੋਇਆ ਸੀ। ਇਨ੍ਹਾਂ ਲੋਕਾਂ ਨੂੰ ਕੰਪਨੀ 'ਚ ਅਸਤੀਫਾ ਦੇਣ ਅਤੇ ਸ਼ੇਅਰ ਟਰਾਂਸਫਰ ਕਰਨ ਲਈ 20 ਲੱਖ ਰੁਪਏ ਵੀ ਮੈਂ ਦੇ ਦਿੱਤੇ। 15 ਲੱਖ ਅਸਤੀਫਾ ਦੇਣ ਅਤੇ ਸ਼ੇਅਰ ਟਰਾਂਸਫਰ ਕਰਨ ਦੇ ਬਾਅਦ ਦੇਣੇ ਸਨ। ਇਨ੍ਹਾਂ ਨੇ ਨਾ ਕੰਪਨੀ ਤੋਂ ਅਸਤੀਫਾ ਦਿੱਤਾ ਅਤੇ ਨਾ ਹੀ ਸ਼ੇਅਰ ਟਰਾਂਸਫਰ ਕੀਤੇ, ਜਿਸ ਕਾਰਨ ਉਨ੍ਹਾਂ ਨੇ ਮੇਰੇ ਨਾਲ ਚਾਰ ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਬਲਵੀਰ ਕੌਰ ਨੂੰ ਇਨ੍ਹਾਂ ਲੋਕਾਂ ਨੂੰ ਕੰਪਨੀ ਦੇ ਸ਼ੇਅਰ ਮੈਨੂੰ ਟਰਾਂਸਫਰ ਕਰਾਉਣ ਨੂੰ ਕਿਹਾ ਤੇ ਉਹ ਆਪਣੇ ਸ਼ੇਅਰ ਟਰਾਂਸਫਰ ਕਰਨ ਨੂੰ ਤਿਆਰ ਹੈ ਜਦੋਂ ਕਿ ਇਨ੍ਹਾਂ ਲੋਕਾਂ ਨੇ ਸਾਜ਼ਿਸ਼ ਤਹਿਤ ਨਾ ਕੰਪਨੀ ਤੋਂ ਅਸਤੀਫਾ ਦਿੱਤਾ ਅਤੇ ਨਾ ਹੀ ਸ਼ੇਅਰ ਟਰਾਂਸਫਰ ਕਰਵਾਏ।

ਕੇਸ ਦੀ ਡੂੰਘਾਈ ਨਾਲ ਜਾਂਚ ਕਰਨ 'ਤੇ ਜਸਪ੍ਰੀਤ ਦੇ ਬਿਆਨਾਂ ਦੇ ਆਧਾਰ 'ਤੇ ਚਮਨਦੀਪ ਸਿੰਘ ਉਰਫ ਮਿਲਖੀ, ਦਲਬੀਰ ਸਿੰਘ, ਅਮਨਦੀਪ ਸਿੰਘ, ਹਨੀਦੀਪ ਕੌਰ, ਹਰਲੀਨ ਕੌਰ ਵਾਸੀਆਨ ਸੰਗਰੂਰ ਦੇ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਰਜ਼ਾਕ ਨੇ ਇਕੋ ਦਿਨ ਕੀਤੀ ਸੀ ਸਾਢੇ ਪੰਜ ਕਰੋੜ ਦੀ ਖਰੀਦਦਾਰੀ

ਕੁਆਲਾਲੰਪੁਰ, 17 ਜੁਲਾਈ (ਪੋਸਟ ਬਿਊਰੋ)- ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਦੇ ਮਾਮਲੇ 'ਚ ਗ੍ਰਿਫਤਾਰ ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਦੇ ਕਾਰਨਾਮੇ ਸਾਹਮਣੇ ਆ ਰਹੇ ਹਨ। ਪ੍ਰਧਾਨ ਮੰਤਰੀ ਰਹਿੰਦੇ ਹੋਏ ਆਪਣੇ ਸ਼ੌਕ ਪੂਰੇ ਕਰਨ ਲਈ ਉਨ੍ਹਾਂ ਨੇ ਰੱਜ ਕੇ ਰਕਮ ਉਡਾਈ ਸੀ।

ਸਾਲ 2014 'ਚ ਉਨ੍ਹਾਂ ਨੇ ਇਟਲੀ ਦੀ ਇਕ ਦੁਕਾਨ ਤੋਂ ਕ੍ਰੈਡਿਟ ਕਾਰਡਾਂ ਰਾਹੀਂ ਇਕ ਦਿਨ 'ਚ ਅੱਠ ਲੱਖ ਡਾਲਰ ਦੀ ਜਿਊਲਰੀ ਖਰੀਦੀ ਸੀ। ਬੈਂਕਾਕ ਦੇ ਸ਼ਾਂਗਰੀ-ਲਾ ਹੋਟਲ 'ਚ ਇਕ ਦਿਨ 'ਚ ਦੋ ਲੱਖ ਤੋਂ ਜ਼ਿਆਦਾ ਰਕਮ ਖਰਚ ਕੀਤੀ ਸੀ। ਰਜ਼ਾਕ ਖਿਲਾਫ ਭ੍ਰਿਸ਼ਟਾਚਾਰ ਮਾਮਲੇ ਦੀ ਸੁਣਵਾਈ ਦੌਰਾਨ ਬੀਤੇ ਦਿਨੀਂ ਸਥਾਨਕ ਅਦਾਲਤ 'ਚ ਮਲੇਸ਼ੀਆ ਦੇ ਇਕ ਬੈਂਕ ਅਧਿਕਾਰੀ ਨੇ ਇਹ ਦੋਸ਼ ਲਗਾਇਆ। ਪਿਛਲੇ ਸਾਲ ਹੋਈਆਂ ਚੋਣਾਂ 'ਚ ਰਜ਼ਾਕ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਪਿੱਛੋਂ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਦੇ ਦੋਸ਼ 'ਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਜ਼ਾਕ 'ਤੇ ਪ੍ਰਧਾਨ ਮੰਤਰੀ ਰਹਿੰਦੇ ਦੇਸ਼ ਦੇ ਖਜ਼ਾਨੇ ਦਾ ਵੱਡਾ ਹਿੱਸਾ ਹੜੱਪਣ ਤੇ ਮਨਮਰਜ਼ੀ ਨਾਲ ਖਰਚ ਕਰਨ ਦੇ ਮੁਕੱਦਮੇ ਚੱਲ ਰਹੇ ਹਨ।

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦ ਦਿਨ ਕ੍ਰੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

Saini Sikh ਲੜਕਾ, Age 25 ਸਾਲ, Hight 5ft 7 inch, Rang Gora, Parmanent in Italy, Back home Nawanshahr. ਲੜਕੇ ਦਾ ਚਾਚਾ ਤੇ ਭੂਆ Citizen in Canada, ਲੜਕਾ visitor in Canada. ਸੰਪਰਕ: 905-840-4516,647-657-9157

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਨੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4'', 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com




**ਗੋਰ ਸੀਨੀਅਰਜ਼ ਕਲੱਬ ਨੇ ਕੈਨੇਡਾ ਡੇ ਮਨਾਇਆ:** ਗੋਰ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਬੀਤੀ 9 ਜੁਲਾਈ ਨੂੰ ਐਬੀਨੀਜ਼ਰ ਕਮਿਊਨਿਟੀ ਸੈਂਟਰ ਹਾਲ ਵਿਚ ਕੈਨੇਡਾ ਡੇ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਬਰੈਂਪਟਨ ਸਿਟੀ ਕੌਂਸਲ ਤੋਂ ਪੈਟ ਫਰਟੀਨੀ (ਰੀਜਨਲ ਕੌਂਸਲਰ), ਹਰਕੀਰਤ ਸਿੰਘ (ਕੌਂਸਲਰ) ਤੇ ਕੁਲਦੀਪ ਸਿੰਘ ਗੋਲੀ (ਮੇਅਰ ਪੈਟ੍ਰਿਕ ਬ੍ਰਾਊਨ ਦੇ ਐਵਾਈਜ਼ਰ) ਉਚੇਚੇ ਤੌਰ ਉਤੇ ਸ਼ਾਮਲ ਹੋਏ। ਵਧੇਰੇ ਜਾਣਕਾਰੀ ਲਈ ਸੁਖਦੇਵ ਸਿੰਘ ਗਿੱਲ ਨਾਲ 416-602-5499 ਉਤੇ ਸੰਪਰ ਕੀਤਾ ਜਾ ਸਕਦਾ ਹੈ।

# 'ਏਵੀਏਸ਼ਨ ਸਕਿਊਰਿਟੀ ਸਰਵਿਸ' ਵਿਚ ਪਹਿਲੇ ਦਸਤਾਰਧਾਰੀ ਨੌਜਵਾਨ ਦੀ ਹੋਈ ਚੋਣ

## ਸ੍ਰੀ ਸਾਹਿਬ ਪਹਿਨ ਕੇ ਕਰੇਗਾ ਡਿਊਟੀ ਅਤੇ ਕਰੇਗਾ ਚੈਕਿੰਗ



ਔਕਲੈਂਡ 17 ਜੁਲਾਈ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਦੇ ਵੱਖ-ਵੱਖ ਮਹੱਤਵਪੂਰਨ ਵਿਭਾਗਾਂ ਦੇ ਵਿਚ ਪੰਜਾਬੀਆਂ ਦੀ ਨੌਕਰੀ ਲੱਗਣੀ ਇਸ ਗੱਲ ਦੀ ਗਵਾਹ ਹੈ ਕਿ ਇਹ ਦੇਸ਼ ਜਿੱਥੇ ਬਹੁ-ਕੌਮੀਅਤ ਨੂੰ ਪੂਰਨ ਮਾਨਤਾ ਦਿੰਦਾ ਹੈ ਉਥੇ ਪ੍ਰਵਾਸੀ ਪੰਜਾਬੀਆਂ ਨੇ ਵੀ ਆਪਣੀ ਪੜ੍ਹਾਈ ਅਤੇ ਮਿਹਨਤ ਨੂੰ ਉਸ ਕਦਰ ਪਹੁੰਚਾ ਲਿਆ ਹੈ ਜਿਥੇ ਜਾ ਕੇ ਅਹਿਮ ਚੋਣ ਹੁੰਦੀ ਹੈ। ਇਥੇ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦੀ ਖੁਸ਼ੀ ਹੋਏਗੀ ਕਿ ਹੁਣ 'ਏਵੀਏਸ਼ਨ ਸਕਿਊਰਿਟੀ ਸਰਵਿਸ' ਜੋ ਕਿ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਉਤੇ ਸਕਿਊਰਿਟੀ ਚੈਕਿੰਗ ਕਰਦਾ ਹੈ, ਦੇ ਵਿਚ ਇਕ ਦਸਤਾਰਧਾਰੀ ਨੌਜਵਾਨ ਸ੍ਰੀ ਵਰੁਣ ਭਾਰਦਵਾਜ (30) ਜਿਸ ਨੂੰ ਅੰਮ੍ਰਿਤ ਛਕਣ ਉਪਰੰਤ ਪੰਜ ਪਿਆਰਿਆਂ ਵੱਲੋਂ ਸ. ਹਰੀ ਸਿੰਘ ਦਾ ਨਾਮ ਦਿੱਤਾ ਗਿਆ ਸੀ, ਦੀ ਏਵੀਏਸ਼ਨ ਸਕਿਊਰਿਟੀ ਅਫਸਰ ਵਜੋਂ ਚੋਣ ਹੋਈ ਹੈ। ਇਸਨੇ ਆਪਣਾ ਕੰਮ ਔਕਲੈਂਡ ਦੇ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਸ਼ੁਰੂ ਕਰ ਦਿੱਤਾ ਹੈ। ਇਹ ਨੌਜਵਾਨ 6 ਸੈਂਟੀਮੀਟਰ ਵਾਲੀ ਸ੍ਰੀ ਸਾਹਿਬ ਪਹਿਨ ਕੇ ਅਤੇ ਗੋਲ ਦਸਤਾਰ ਸਜਾ ਕੇ ਨੌਕਰੀ ਕਰਦਾ ਹੈ ਅਤੇ ਪੂਰੇ ਸਟਾਫ ਸ਼ਾਇਦ ਨਿਊਜ਼ੀਲੈਂਡ ਦੇ ਵਿਚ ਇਕੋ-ਇਕ ਦਸਤਾਰਧਾਰੀ ਨੌਜਵਾਨ ਹੈ। ਇਸ ਨੌਜਵਾਨ ਨੇ ਇਸ ਨੌਕਰੀ ਦੇ ਲਈ ਲਗਪਗ 150 ਹੋਰ ਉਮੀਦਵਾਰਾਂ ਨੂੰ ਪਛਾੜਿਆ ਹੈ ਅਤੇ ਕਈ ਇੰਟਰਵਿਊਜ਼ ਅਤੇ ਅਸਾਈਨਮੈਂਟਾਂ ਨੂੰ ਪਾਸ ਕੀਤਾ ਹੈ।

ਖਾਸ ਗੱਲ ਇਹ ਹੈ ਕਿ ਇਹ ਨੌਜਵਾਨ ਮੁਢਲੇ ਤੌਰ 'ਤੇ ਹਿੰਦੂ ਪਰਿਵਾਰ ਨਾਲ ਸਬੰਧ ਰੱਖਦਾ ਹੈ ਪਰ ਗੁਰਦੁਆਰਾ ਸ੍ਰੀ ਗੁਰੂ ਹਰਿ-ਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਵੀਰੀ ਸਟੇਸ਼ਨ ਰੋਡ, ਵੀਰੀ (ਔਕਲੈਂਡ) ਵਿਖੇ ਲਗਾਤਾਰ ਜਾਣ ਕਰਕੇ ਅਤੇ ਚਲਦੇ ਸਿੱਖੀ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਇਸਨੇ 2017 ਦੇ ਵਿਚ ਅੰਮ੍ਰਿਤ ਛਕ ਲਿਆ ਸੀ ਅਤੇ ਵਰੁਣ ਭਾਰਦਵਾਜ ਤੋਂ ਸ. ਹਰੀ ਸਿੰਘ ਬਣ ਗਿਆ ਸੀ। ਇਸ ਨੌਜਵਾਨ ਦਾ ਜੱਦੀ ਪਿੰਡ ਮਰਹਾਣਾ ਤਹਿਸੀਲ ਤਰਨਤਾਰਨ ਹੈ। ਨਿਊਜ਼ੀਲੈਂਡ ਵਿਖੇ ਇਹ ਨੌਜਵਾਨ 2008 ਦੇ ਵਿਚ ਸ਼ੈਫ਼ ਦੀ ਪੜ੍ਹਾਈ ਕਰਨ ਆਇਆ ਸੀ ਅਤੇ 2009 ਦੇ ਵਿੱਚ ਹੀ ਪੱਕਾ ਹੋ ਗਿਆ ਸੀ। ਇਸ ਵੇਲੇ ਇਹ ਨੌਜਵਾਨ ਇਥੇ ਆਪਣੀ ਧਰਮ ਪਤਨੀ ਸ੍ਰੀਮਤੀ ਅਨੂਮੀਨ ਪ੍ਰੀਤ ਕੌਰ ਅਤੇ 4 ਸਾਲ ਦੇ ਬੇਟੇ ਊਧਮ ਸਿੰਘ ਦੇ ਨਾਲ ਰਹਿ ਰਿਹਾ ਹੈ। ਪਿੰਡ ਰਹਿੰਦੇ ਪਿਤਾ ਸ੍ਰੀ ਸ਼ਾਮ ਸੁੰਦਰ ਅਤੇ ਮਾਤਾ ਸ੍ਰੀਮਤੀ ਸੁਨੀਤਾ ਰਾਣੀ ਨੂੰ ਆਪਣੇ ਇਸ ਹੋਣਹਾਰ ਪੁੱਤਰ ਉਤੇ ਜਰੂਰ ਮਾਣ ਹੋਏਗਾ। ਨਿਊਜ਼ੀਲੈਂਡ ਵਸਦੇ ਪੰਜਾਬੀ ਭਾਈਚਾਰੇ ਅਤੇ ਪੰਜਾਬੀ ਮੀਡੀਆ ਕਰਮੀਆਂ ਵੱਲੋਂ ਇਸ ਨੌਜਵਾਨ ਨੂੰ ਬਹੁਤ-ਬਹੁਤ ਮੁਬਾਰਕਬਾਦ।

# ਭਾਈ ਹਰਜਿੰਦਰ ਸਿੰਘ ਮਾਝੀ ਨੇ ਨਿਊਜ਼ੀਲੈਂਡ ਦੇ ਅੱਠ ਗੁਰੂ ਘਰਾਂ 'ਚ ਸਜਾਏ ਦੀਵਾਨ



ਔਕਲੈਂਡ 17 ਜੁਲਾਈ (ਹਰਜਿੰਦਰ ਸਿੰਘ ਬਸਿਆਲਾ)-ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸੰਕਲਪ ਕਰਨਾ ਸਿੱਖੀ ਸਿਧਾਂਤਾਂ ਦਾ ਇਕ ਅਹਿਮ ਭਾਗ ਹੈ। ਪ੍ਰਵਾਸੀ ਜ਼ਿੰਦਗੀ ਦੇ ਵਿਚ ਕਿਰਤ ਕਰਨਾ ਤਾਂ ਮਹੱਤਵਪੂਰਨ ਹੁੰਦਾ ਹੀ ਹੈ, ਪਰ ਜੇਕਰ ਨਾਮ ਜਪਣ ਦਾ ਸਮਾਂ ਵੀ ਮਿਲ ਜਾਵੇ ਜਾਂ ਕੱਢ ਲਿਆ ਜਾਵੇ ਤਾਂ ਜ਼ਿੰਦਗੀ ਵਿਕਾਰਾਂ ਤੋਂ ਕਿਨਾਰਾ ਕਰ ਜਾਂਦੀ ਹੈ। ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਚੌਥੀ ਵਾਰ ਨਿਊਜ਼ੀਲੈਂਡ ਦੌਰੇ ਉਤੇ ਕੋਈ ਡੇਢ ਕੁ ਮਹੀਨਾ ਪਹਿਲਾਂ ਆਏ ਸਨ ਤੇ ਉਨ੍ਹਾਂ ਦਾ ਇਹ ਸਾਰਾ ਧਾਰਮਿਕ ਦੌਰਾ ਸਫਲ ਰਿਹਾ। ਇਸ ਦੌਰਾਨ ਉਨ੍ਹਾਂ ਨਿਊਜ਼ੀਲੈਂਡ ਦੇ 5 ਵੱਖ-ਵੱਖ ਦੂਰ ਦੁਰਾਡੇ ਸ਼ਹਿਰਾਂ ਜਿਵੇਂ ਔਕਲੈਂਡ, ਵਲਿੰਗਟਨ, ਹਮਿਲਟਨ, ਟੌਰੰਗਾ ਅਤੇ ਫਾਂਗਾਰਾਈ ਵਿਚ ਸਥਾਪਿਤ ਅੱਠ ਗੁਰ-ਦੁਆਰਾ ਸਾਹਿਬਾਨਾਂ ਅੰਦਰ ਧਾਰਮਿਕ ਦੀਵਾਨ ਸਜਾ ਕੇ ਸੰਗਤਾਂ ਨੂੰ ਗੁਰਬਾਣੀ ਵਿਚਾਰਾਂ ਸਰਵਣ ਕਰਵਾਈਆਂ ਅਤੇ ਅਜੋਕੇ ਯੁੱਗ ਦੇ ਵਿਚ ਸਿੱਖੀ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਵਿਦੇਸ਼ੀਂ ਵਸਦੀ ਜਾਂ ਪ੍ਰਵਾਸ ਕਰ ਗਈ ਨਵੀਂ ਪੀੜ੍ਹੀ ਨੂੰ ਅਮੀਰ ਸਿੱਖ ਸਭਿਆਚਾਰ ਦੀ ਖੋਜ਼ ਭਰਪੂਰ ਜਾਣਕਾਰੀ ਦਿੱਤੀ ਅਤੇ ਪੰਥ ਦੇ ਮੌਜੂਦਾ ਹਲਾਤਾਂ ਬਾਰੇ ਵੀ ਦੱਸਿਆ। ਨਿੱਜੀ ਖੋਜ਼ ਅਤੇ ਸਿੱਖ ਜੀਵਨ ਜਾਚ ਅਨੁਸਾਰ ਜੀਵਨ ਬਸਰ ਕਰਨ ਬਾਰੇ ਵੀ ਗੁਰਬਾਣੀ ਦੀ ਲੋਅ ਵਿਚ ਬੇਨਤੀਆਂ ਕੀਤੀਆਂ। ਸਜੇ ਦੀਵਾਨਾਂ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨੂੰ ਖੁਦ ਪੜ੍ਹਨ, ਸੁਣਨ ਅਤੇ ਵਿਚਾਰਨ ਲਈ ਵਿਸ਼ੇਸ਼ ਤੌਰ ਉਤੇ ਜ਼ੋਰ ਦਿੱਤਾ ਗਿਆ।

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਪਾਟੋਏਟੋਏ, ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ ਪਾਪਾਟੋਏਟੋਏ, ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨਿਊਲਿਨ, ਗੁਰਦੁਆਰਾ ਸਾਹਿਬ ਵਲਿੰਗਟਨ, ਗੁਰਦੁਆਰਾ ਸਾਹਿਬ ਫਾਂਗਾਰਾਈ, ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ, ਗੁਰਦੁਆਰਾ ਮਾਤਾ ਸਾਹਿਬ ਕੌਰ ਹਮਿਲਟਨ ਅਤੇ ਗੁਰਦੁਆਰਾ ਸਾਹਿਬ ਨਾਰਥ ਸ਼ੋਰ ਦੀਆਂ ਪ੍ਰਬੰਧਕ ਕਮੇਟੀਆਂ ਨੇ ਦੀਵਾਨਾਂ ਦੀ ਸਮਾਪਤੀ ਉਤੇ ਭਾਈ ਹਰਜਿੰਦਰ ਸਿੰਘ ਮਾਝੀ ਹੋਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

# ਅਮਰੀਕੀ ਅਦਾਲਤ ਨੇ ਭਾਰਤੀ ਮੂਲ ਦੇ ਬੰਦੇ ਨੂੰ ਪਤਨੀ ਦੇ ਕਤਲ ਦਾ ਦੋਸ਼ੀ ਠਹਿਰਾਇਆ

ਨਿਊਯਾਰਕ, 17 ਜੁਲਾਈ (ਪੋਸਟ ਬਿਊਰੋ)- ਅਮਰੀਕੀ ਅਦਾਲਤ ਨੇ ਇਕ ਭਾਰਤੀ ਮੂਲ ਦੇ ਬੰਦੇ ਨੂੰ ਆਪਣੀ ਪਤਨੀ, ਜੋ ਕਿ 12 ਸਾਲ ਤੋਂ ਆਪਣੇ ਪਤੀ ਤੋਂ ਵੱਖ ਰਹਿ ਰਹੀ ਸੀ, ਦੀ ਹੱਤਿਆ ਕਰਨ ਦਾ ਦੋਸ਼ੀ ਮੰਨਿਆ ਹੈ।

ਅਵਤਾਰ ਗਰੇਵਾਲ (44), ਜਿਸ ਦੀ 2011 ਵਿੱਚ ਅਮਰੀਕਾ ਲਈ ਹਵਾਲਗੀ ਕੀਤੀ ਗਈ ਸੀ, ਨੂੰ ਆਪਣੀ 30 ਸਾਲਾ ਪਤਨੀ ਨਵਨੀਤ ਕੌਰ ਨੂੰ ਅਹਵਾਤੂਕੀ ਵਿੱਚ 2007 'ਚ ਬਾਥਟੱਬ ਵਿੱਚ ਗਲਾ ਘੁੱਟ ਕੇ ਡੋਬ ਦੇਣ ਲਈ ਅਮਰੀਕੀ ਅਦਾਲਤ ਵੱਲੋਂ ਪਹਿਲੇ ਦਰਜੇ ਦਾ ਦੋਸ਼ੀ ਪਾਇਆ ਗਿਆ ਹੈ। ਉਸ ਨੂੰ 23 ਅਗਸਤ ਨੂੰ ਸਜ਼ਾ ਸੁਣਾਈ ਜਾਵੇਗੀ। ਦੋਵਾਂ ਦਾ ਵਿਆਹ 2005 'ਚ ਭਾਰਤ 'ਚ ਹੋਇਆ ਸੀ, ਪਰ ਦੋਵੇਂ ਦੂਰ ਰਹਿੰਦੇ ਸਨ, ਗਰੇਵਾਲ ਕੈਨੇਡਾ ਰਹਿੰਦਾ ਸੀ, ਨਵਨੀਤ ਕੌਰ ਵੀਜ਼ੇ 'ਤੇ ਅਮਰੀਕਾ ਰਹਿ ਰਹੀ ਸੀ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਵਿਆਹ ਤੋਂ ਤੁਰੰਤ ਬਾਅਦ ਗਰੇਵਾਲ ਨੇ ਆਪਣੇ ਅਸਲੀ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਗਰੇਵਾਲ ਨੂੰ ਆਪਣੀ ਪਤਨੀ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ।


## ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।


# ਫੇਸਬੁੱਕ ਦੀ ਡਿਜੀਟਲ ਕਰੰਸੀ ਬਾਰੇ ਅਮਰੀਕੀ ਸੈਨੇਟ 'ਚ ਬਹਿਸ

ਵਾਸ਼ਿੰਗਟਨ, 17 ਜੁਲਾਈ (ਪੋਸਟ ਬਿਊਰੋ)- ਨਿੱਜਤਾ ਦੀ ਉਲੰਘਣਾ ਮਾਮਲੇ 'ਚ ਭਾਰੀ ਜੁਰਮਾਨੇ ਦਾ ਸਾਹਮਣਾ ਕਰ ਰਹੀ ਦਿੱਗਜ ਸੋਸ਼ਲ ਮੀਡੀਆ ਕੰਪਨੀ ਫੇਸਬੁੱਕ ਦੀਆਂ ਔਕੜਾਂ ਘੱਟ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਅਮਰੀਕੀ ਪਾਰਲੀਮੈਂਟ 'ਚ ਫੇਸਬੁੱਕ ਦੀ ਡਿਜੀਟਲ ਕਰੰਸੀ 'ਲਿਬ੍ਰਾ' ਬਾਰੇ ਸਵਾਲ ਉਠੇ ਹਨ। ਰਿਪਬਲਿਕਨ ਤੇ ਡੈਮੋਕ੍ਰੇਟਿਕ ਦੋਵੇਂ ਦਲਾਂ ਦੇ ਸੈਨੇਟਰ ਸੈਨੇਟ 'ਚ ਬਹਿਸ ਦੌਰਾਨ ਇਸ ਦੇ ਖਿਲਾਫ ਦਿਸੇ ਹਨ। ਅਮਰੀਕਾ ਵਿੱਚ ਸੈਨੇਟ ਬੈਂਕਿੰਗ ਕਮੇਟੀ ਕੱਲ੍ਹ ਫੇਸਬੁੱਕ ਦੀ ਇਸ ਯੋਜਨਾ ਦੀ ਜ਼ਿੰਮੇਵਾਰੀ ਵਾਲੇ ਉਚ ਅਧਿਕਾਰੀ ਡੇਵਿਡ ਮਾਰਕਸ ਨਾਲ ਸਵਾਲ ਜਵਾਬ ਕਰ ਰਹੀ ਹੈ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਲਿਬ੍ਰਾ ਨਾਲ ਵਿਸ਼ਵ ਕਰੰਸੀ ਨੀਤੀ 'ਤੇ ਕੀ ਅਸਰ ਪਵੇਗਾ। ਸਵਾਲ ਇਹ ਵੀ ਹੈ ਕਿ ਗਾਹਕਾਂ ਦੇ ਡਾਟਾ ਕਿਸ ਤਰ੍ਹਾਂ ਸੰਭਾਲੇ ਜਾਣਗੇ। 2012 ਤੋਂ 2014 ਤੱਕ 'ਪੇ-ਪਾਲ' ਦੇ ਮੁਖੀ ਰਹੇ ਮਾਰਕਸ ਨੇ ਫਿਲਹਾਲ ਚਿੰਤਾਵਾਂ ਨੂੰ ਇਹ ਕਹਿੰਦਿਆਂ ਰੋਕਣ ਦੀ ਕੋਸ਼ਿਸ਼ ਕੀਤੀ ਕਿ ਸਾਰੇ ਰੈਗੂਲੇਟਰੀ ਮਸਲੇ ਹੱਲ ਹੋਣ ਤੋਂ ਪਹਿਲਾਂ ਫੇਸਬੁੱਕ ਲਿਬ੍ਰਾ ਨੂੰ ਲਾਂਚ ਨਹੀਂ ਕਰੇਗੀ। ਸੈਨੇਟ 'ਚ ਇਸ ਬਾਰੇ ਚਰਚਾ ਦੌਰਾਨ ਡੈਮੋਕ੍ਰੇਟਿਕ ਸੈਨੇਟਰ ਸ਼ੇਰਾਡ ਬ੍ਰਾਊਨ ਨੇ ਕਿਹਾ ਕਿ ਇਕ ਤੋਂ ਬਾਅਦ ਇਕ ਸਕੈਂਡਲ ਨਾਲ ਫੇਸਬੁੱਕ ਨੇ ਵਿਖਾ ਦਿੱਤਾ ਹੈ ਕਿ ਉਹ ਭਰੋਸੇ ਦੇ ਕਾਬਲ ਨਹੀਂ। ਇਸ ਲਈ ਉਸ ਨੂੰ ਲੋਕਾਂ ਦੇ ਬੈਂਕ ਖਾਤਿਆਂ ਨਾਲ ਖਿਲਵਾੜ ਦੀ ਆਜ਼ਾਦੀ ਨਹੀਂ ਦਿੱਤੀ ਜਾ ਸਕਦੀ।


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# North America's largest Annual Halal Food Festival returns to Toronto in 2019

## With over 35,000 visitors, North America's largest halal food festival is back July 20-21 for its seventh year.

TORONTO, July 16, 2019 - Halal Food Fest Toronto (HFFTO), the largest halal food festival in North America returns for its seventh consecutive year between Saturday, July 20 and Sunday, July 21, 2019 at The International Centre in Mississauga.

With over 200 of the Toronto's top halal restaurants, bakeries, manufacturers, specialty stores and artisan vendors, this year's guests are in for a diverse range of flavours from around the world all under one roof, all halal.

Exhibitors are looking forward to getting their delicious creations into the hands of hungry guests. Unique menu items being served up this year includewhite chocolate Panipuri from Mia Bhai, Krispy Kreme Texas fried burger from Chef Ahem Baig, cotton candy coated buffalo chicken wings, nihari sliders, halal beef jerky from Carne Jerky and much more.

This year's show expects to attract over 35,000 visitors from around the GTA and across the border. "The Muslim population in Canada is the fastest-growing religious group and the needs of this market continue to grow," says Faizal Kagdi, Founder of Halal Food Festival Toronto. "Families are always excited to find out what is new in this market, and the opportunity to come out, sample delicious foods and see interesting presentations makes a great day out".

According to most recent Statistics Canada's data, it is estimated that the country's Muslim population currently sits at 1.4M and is projected to exceed the size of Canada's 1.6 million Chinese population by 2021*. As this niche community grows, the food sector will need to work strategically to fill in the growing gap.

Walking through this year's Halal Food Festival will share a glimpse of the multicultural community while giving insight into the industry, sourcing and halal education.

New this year will be two fabulous events:

1. Halal Food Fest is proud to invite you to Innovation Station , a unique space for acclaimed chefs to create and present dishes especially and exclusively for Halal Food Fest. Be the first to try the next big thing and join us on the frontier of food evolution!
2. Its time to playyyy Family Foooood! Played just like the hit TV gameshow Family Feud, our competition will feature a showdown between Team Fashionistas (celebrity fashion bloggers) vs. Team Foodies (celebrity chefs). Come hype up your favourite team! Family Food will be played live Saturday at 5pm at our Central Bergham Indoor Stage.

Keep an eye out for an insightful session from HMA Canada (Halal Monitoring Authority) on the value and importance of halal certification. Nutritionist Nazima Qureshi will talk about healthy eating while Chef Russell Auckbaraullee will teach you how to get creative with common house hold ingredients.

The festival also features a 14,000 square foot Kids Zone included with admission, a baby lounge for families with young children, a dedicated shopping bazaar, and lots of free parking. The festival is dedicated to creating a fun-filled, family-friendly environment for all attendees to enjoy. With so much of the Muslim community being made up by larger and younger families, events like this make it possible for all ages to have a good time.

This year's title sponsor for the festival, Sufra, an HMA-certified halal brand, will be hosting a children's cooking class featuring Sufra products as well as providing complimentary food samples. Other sponsors includeCentral Bergham, Zabiha Halal, Mina Halal, Carne Jerky and Al Safa. Central Bergham will host the main stage, complimented by a fully-designed IKEA kitchen used fordemonstration.

HFFTO is funded in part by the Government of Ontario.

*As projected by Stats Canada via alternative religious mobility

Event details:Date: Saturday, July 20 10 a.m. - 10 p.m. and Sunday, July 21 10 a.m. - 8 p.m.

Location: The International Centre, Entrance 5, 6900 Airport Road, Mississauga

Tickets: $5 each - ages 4 and older. Sample tickets available for purchase at event - $10 for 20 tickets.

Links Website: www.halalfoodfestto.com

Twitter: twitter.com/halalfoodfestto

Facebook: facebook.com/halalfoodfestto

Instagram: instagram.com/halalfoodfestto

Contact:Faizal KagdiPresidentHalal Food Fest Toronto647-400-5679

# ਫ਼ੈੱਡਰਲ ਸਰਕਾਰ ਕੈਨੇਡਾ-ਵਾਸੀਆਂ ਦੇ ਹਵਾਈ ਯਾਤਰਾ ਦੇ ਵਿਸ਼ਵ-ਪੱਧਰੀ ਅਧਿਕਾਰ ਸੁਰੱਖ਼ਿਅਤ ਕਰੇਗੀ : ਸੋਨੀਆ ਸਿੱਧੂ

ਬਰੈਂਪਟਨ -ਕੈਨੇਡਾ-ਵਾਸੀਆਂ ਦੀ ਭਰੋਸੇਯੋਗ, ਅਸਾਨ ਅਤੇ ਤਸੱਲੀਪੂਰਵਕ ਟ੍ਰਾਂਸਪੋਰਟ ਸਿਸਟਮ ਦੀ ਜ਼ਰੂਰਤ ਨੂੰ ਧਿਆਨ 'ਚ ਰੱਖਦੇ ਹੋਏ ਲਿਬਰਲ ਸਰਕਾਰ ਵੱਲੋਂ ਵੱਡਾ ਫੈਸਲਾ ਲਿਆ ਗਿਆ ਹੈ। ਇਸ ਤਹਿਤ ਟ੍ਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਵੱਲੋਂ ਹਵਾਈ ਯਾਤਰੀਆਂ ਲਈ ਨਵੇਂ ਸੁਰੱਖ਼ਿਆ ਨਿਯਮਾਂ ਦਾ ਐਲਾਨ ਕੀਤਾ ਗਿਆ।

ਦਰਅਸਲ, ਪਿਛਲੇ ਲੰਮੇਂ ਸਮੇਂ ਤੋਂ ਹਵਾਈ ਯਾਤਰੀਆਂ ਨੂੰ ਬੋਰਡਿੰਗ ਤੋਂ ਨਾਂਹ ਹੋਣ, ਹਵਾਈ ਉਡਾਣਾਂ ਵਿਚ ਦੇਰੀ ਅਤੇ ਆਪਣੇ ਬੈਗਾਂ ਦੇ ਗੁਆਚ ਜਾਣ ਵਰਗੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਤਰੀ ਮਾਰਕ ਗਾਰਨਿਊ ਨੇ ਕਿਹਾ,"ਪਿਛਲੀ ਕਨਜ਼ਰਵੇਟਿਵ ਸਰਕਾਰ ਦੀ ਕਈ ਸਾਲਾਂ ਦੀ ਭਾਰੀ ਅਣਗਹਿਲੀ ਤੋਂ ਬਾਅਦ ਸਾਡੀ ਫ਼ੈੱਡਰਲ ਸਰਕਾਰ ਨੇ ਕਈ ਅਜਿਹੇ ਫੈਸਲੇ ਲਏ ਹਨ ਜਿਨ੍ਹਾਂ ਨਾਲ ਕੈਨੇਡਾ-ਵਾਸੀਆਂ ਲਈ ਹਵਾਈ ਸਫ਼ਰ ਕਾਫ਼ੀ ਆਸਾਨ ਹੋ ਜਾਏਗਾ। ਹੁਣ ਉਹ ਹਵਾਈ ਉਡਾਣਾਂ ਸਬੰਧੀ ਵਿਸ਼ਵ-ਪੱਧਰੀ ਅਧਿਕਾਰਾਂ ਦੀ ਵਰਤੋਂ ਕਰ ਸਕਣਗੇ ਅਤੇ ਉਹ ਇਸ ਦੇ ਹੱਕਦਾਰ ਵੀ ਹਨ।" 15 ਜੁਲਾਈ ਨੂੰ ਟ੍ਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਹਵਾਈ ਯਾਤਰੀਆਂ ਲਈ ਨਵੇਂ ਸੁਰੱਖ਼ਿਆ ਨਿਯਮਾਂ ਦਾ ਪਹਿਲਾ ਪੜਾਅ ਜਾਰੀ ਕੀਤਾ, ਜਿਸ ਵਿਚ ਹੇਠ ਲਿਖੇ ਨਿਯਮ ਸ਼ਾਮਲ ਹਨ:

ਕਿਸੇ ਵੀ ਯਾਤਰੀ ਨੂੰ ਹਵਾਈ ਸਫ਼ਰ ਤੋਂ ਨਾਂਹ ਹੋਣ ਦੀ ਹਾਲਤ ਵਿਚ ਉਹ ਸਬੰਧਿਤ ਹਵਾਈ ਕੰਪਨੀ ਕੋਲੋਂ 2400 ਡਾਲਰ ਤੱਕ ਦੇ ਹਰਜਾਨੇ ਦਾ ਹੱਕਦਾਰ ਹੋਵੇਗਾ।

ਜੇਕਰ ਕਿਸੇ ਯਾਤਰੀ ਦਾ ਬੈਗ ਗੁੰਮ ਜਾਂਦਾ ਹੈ ਜਾਂ ਇਹ ਰਸਤੇ ਵਿਚ ਖ਼ਰਾਬ ਹੋ ਜਾਂਦਾ ਹੈ ਤਾਂ ਉਸ ਨੂੰ ਹਵਾਈ ਕੰਪਨੀ ਵੱਲੋਂ 2100 ਡਾਲਰ ਤੱਕ ਦਿੱਤੇ ਜਾਣਗੇ।

ਹਵਾਈ ਸਫ਼ਰ ਦੌਰਾਨ ਹੋਈ ਦੇਰੀ ਦੇ ਕਾਰਨਾਂ ਬਾਰੇ ਹਵਾਈ ਕੰਪਨੀ ਨੂੰ ਲੋੜੀਂਦੀ ਜਾਣਕਾਰੀ ਦੇਣੀ ਪਵੇਗੀ।

ਚੈੱਕ-ਇਨ ਹੋਏ ਸੰਗੀਤਕ-ਸਾਜ਼ਾਂ ਜਾਂ ਕੈਰੀ ਬੈਗਾਂ ਦੀ ਹਾਲਤ ਸਬੰਧੀ ਸ਼ਰਤਾਂ ਨਿਰਧਾਰਤ ਕੀਤੀਆਂ ਜਾਣਗੀਆਂ।

ਹਵਾਈ ਜਹਾਜ਼ ਦੇ ਅੰਦਰ ਬੈਠਿਆਂ ਹੋਣ ਵਾਲੀ ਦੇਰੀ (ਟਾਰਮੈਕ ਡੀਲੇਅ) ਲਈ ਸਮੇਂ ਦੀ ਸੀਮਾਂ ਨਿਸ਼ਚਤ ਕੀਤੀ ਜਾਏਗੀ।

ਹਵਾਈ ਕੰਪਨੀਆਂ ਨੂੰ ਇਨ੍ਹਾਂ ਨਵੇਂ ਨਿਯਮਾਂ ਦੀ ਪਾਲਣਾ ਕਰਨ ਲਈ ਸਹੀ ਅਤੇ ਯੋਗ-ਪ੍ਰਣਾਲੀ ਅਪਨਾਉਣੀ ਹੋਵੇਗੀ। ਕਈ ਕੇਸਾਂ ਵਿਚ ਉਨ੍ਹਾਂ ਨੂੰ ਯਾਤਰੀਆਂ ਲਈ ਨਿਯਮਤ ਸਮਾਂ-ਬੱਧ ਕੰਪੈਂਨਸੇਸ਼ਨ ਜਾਰੀ ਕਰਨੇ ਪੈਣਗੇ। ਯਾਤਰੀ ਹਵਾਈ ਕੰਪਨੀ ਨੂੰ ਆਪਣੀ ਸ਼ਿਕਾਇਤ ਸਿੱਧਾ ਹੀ ਕਰ ਸਕੇਗਾ, ਭਾਵ ਇਸ ਲਈ ਕਿਸੇ ਵਿਚੋਲੇ ਦੀ ਜ਼ਰੂਰਤ ਨਹੀਂ ਹੋਵੇਗੀ। ਹਵਾਈ ਕੰਪਨੀਆਂ ਨੂੰ ਇਹ ਨਵੇਂ ਨਿਯਮ ਲਾਗੂ ਕਰਨੇ ਪੈਣਗੇ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਭਾਰੀ ਜੁਰਮਾਨੇ ਸਹਿਣੇ ਪੈਣਗੇ।

ਕੁਝ ਹੋਰ ਨਿਯਮ ਜਿਨ੍ਹਾਂ ਵਿਚ ਹੇਠ-



ਲਿਖੇ ਨਿਯਮ ਸ਼ਾਮਲ ਹਨ, 15 ਦਸੰਬਰ 2019 ਤੋਂ ਲਾਗੂ ਹੋਣਗੇ:

ਏਅਰ ਪੈਸੰਜਰਜ਼ ਪ੍ਰੋਟੈੱਕਸ਼ਨ ਰੈਗੂਲੇਸ਼ਨਜ਼ ਵਿਚਲੇ ਹਵਾਈ ਉਡਾਣਾਂ ਵਿਚ ਦੇਰੀ, ਇਨ੍ਹਾਂ ਦੇ ਕੈਂਸਲ ਕੀਤੇ ਜਾਣ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਨੇੜਲੀਆਂ ਸੀਟਾਂ ਦੇਣ ਬਾਰੇ ਨਿਯਮ।

ਨਿਯਮਾਂ ਦੇ ਲਾਗੂ ਹੋਣ ਵਿਚ ਹੁੰਦੀ ਢਿੱਲ ਬਾਰੇ ਐਡਮਸਿਟ੍ਰੇਟਿਵ ਮੌਨੇਟਰੀ ਪੈਨੇਲਿਟੀਆਂ ਅਤੇ ਹੋਰ ਆਈਟਮਾਂ।

ਸਰਕਾਰ ਦਾ ਮੰਨਣਾ ਹੈ ਕਿ ਆਮ ਲੋਕਾਂ ਅਤੇ ਸਟੇਕ-ਹੋਲਡਰਾਂ ਨਾਲ ਮਹੀਨਿਆਂ-ਬੱਧੀ ਹੋਈ ਗੱਲਬਾਤ ਤੋਂ ਬਾਅਦ ਸਰਕਾਰ ਵੱਲੋਂ ਬਣਾਏ ਗਏ ਕੈਨੇਡਾ ਦੇ ਯਾਤਰੀਆਂ ਇਹ ਨਿਯਮ ਬੜੇ ਸੁਯੋਗ, ਸਪੱਸ਼ਟ, ਪਾਰਦਰਸ਼ੀ ਅਤੇ ਵਾਦ-ਵਿਵਾਦ ਤੋਂ ਪਰੇ ਹਨ। ਕੈਨੇਡਾ-ਵਾਸੀ ਹੁਣ ਇਨ੍ਹਾਂ ਨਵੇਂ ਨਿਯਮਾਂ ਤਹਿਤ ਕੈਨੇਡਾ ਵਿਚ ਅਤੇ ਕੈਨੇਡਾ ਤੋਂ ਬਾਹਰ ਹੋਰ ਦੇਸ਼ਾਂ ਨੂੰ ਆਪਣਾ ਸਫ਼ਰ ਚਿੰਤਾ-ਮੁਕਤ ਹੋ ਕੇ ਕਰ ਸਕਣਗੇ।

ਇਸ ਦੇ ਬਾਰੇ ਆਪਣੀ ਪ੍ਰਤੀਕਿਰਿਆ ਦੱਸਦਿਆਂ ਹੋਇਆਂ ਮਾਣਯੋਗ ਮੰਤਰੀ ਮਾਰਕ ਗਾਰਨਿਊ ਨੇ ਕਿਹਾ,"ਅੱਜ ਦਾ ਦਿਨ ਕੈਨੇਡਾ ਦੇ ਹਵਾਈ-ਯਾਤਰੀਆਂ ਲਈ ਇਤਿਹਾਸਕ ਹੈ। ਸਾਡੀ ਸਰਕਾਰ ਦਾ ਇਹ ਮੰਨਣਾ ਹੈ ਕਿ ਸਾਡੇ ਮਿਹਨਤਕਸ਼ ਕੈਨੇਡਾ-ਵਾਸੀਆਂ ਨੂੰ ਹਵਾਈ ਸਫ਼ਰ ਦੌਰਾਨ ਵਧੀਆ ਵਿਹਾਰ ਮਿਲੇ। ਇਸ ਲਈ ਅਸੀਂ ਉਨ੍ਹਾਂ ਲਈ ਵਿਸ਼ਵ-ਪੱਧਰੀ ਯਾਤਰੀ-ਅਧਿਕਾਰਾਂ ਦੀ ਵਿਵਸਥਾ ਕੀਤੀ ਹੈ ਜੋ ਉਨ੍ਹਾਂ ਲਈ ਅਤਿ-ਲੋੜੀਂਦੀ ਹੈ। ਇਸ ਦੇ ਨਾਲ ਹੀ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਹਵਾਈ-ਕੰਪਨੀਆਂ ਵੀ ਮਜ਼ਬੂਤ ਹੋਣ ਅਤੇ ਉਹ ਸੰਸਾਰ ਦੀਆਂ ਹੋਰ ਕੰਪਨੀਆਂ ਨਾਲ ਮੁਕਾਬਲਾ ਕਰ ਸਕਣ। ਬਹੁਤ ਸਾਰੀ ਲੰਮੀ-ਚੌੜੀ ਗੱਲਬਾਤ ਤੋਂ ਬਾਅਦ ਅੱਜ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਇਹ ਨਵੇਂ ਨਿਯਮ ਇਨ੍ਹਾਂ ਦੋਹਾਂ ਗੱਲਾਂ ਵਿਚਕਾਰ ਸੰਤੁਲਨ ਕਾਇਮ ਰੱਖਣਗੇ ਅਤੇ ਹਵਾਈ ਯਾਤਰੀਆਂ ਨੂੰ ਉਹ ਅਧਿਕਾਰ ਦੇਣਗੇ ਜਿਨ੍ਹਾਂ ਦੇ ਉਹ ਹੱਕਦਾਰ ਹਨ।"

ਇਸ ਸਬੰਧੀ ਸੋਨੀਆ ਸਿੱਧੂ ਦਾ ਕਹਿਣਾ ਸੀ,"ਜਦੋਂ ਹਵਾਈ ਸਫ਼ਰ ਦੀ ਗੱਲ ਹੁੰਦੀ ਹੈ ਤਾਂ ਮੈਨੂੰ ਸਰਕਾਰ ਵੱਲੋਂ ਨਵੇਂ ਨਿਯਮਾਂ ਸਬੰਧੀ ਚੁੱਕੇ ਗਏ ਇਨ੍ਹਾਂ ਕਦਮਾਂ ਉੱਪਰ ਬੜਾ ਫ਼ਖ਼ਰ ਮਹਿਸੂਸ ਹੋ ਰਿਹਾ ਹੈ। ਹਵਾਈ ਸਫ਼ਰ ਦੌਰਾਨ ਯਾਤਰੀਆਂ ਨੂੰ ਅਕਸਰ ਹੀ ਬੋਰਡਿੰਗ ਤੋਂ ਨਾਂਹ ਹੋਣ, ਸਫ਼ਰ ਵਿਚ ਦੇਰੀ ਅਤੇ ਬੈਗ ਗਵਾਚਣ ਵਰਗੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਣ ਅਸੀਂ ਉਨ੍ਹਾਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਅੱਗੋਂ ਤੋਂ ਇਹ ਇੰਝ ਨਹੀਂ ਹੋਵੇਗਾ।

# ਸੰਡਲਵੁੱਡ ਹਾਈਟਸ ਸੀਨੀਅਰਜ਼ ਕਲੱਬ ਵੱਲੋਂ ਕੈਨੇਡਾ ਡੇਅ ਦੇ ਜਸ਼ਨ 26 ਜੁਲਾਈ ਨੂੰ

ਸੰਡਲਵੁੱਡ ਹਾਈਟਸ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਕਨੇਡਾ ਡੇ ਦੇ ਜਸ਼ਨ ਸ਼ੁੱਕਰਵਾਰ 26 ਜੁਲਾਈ ਨੂੰ ਮਨਾਏ ਜਾ ਰਹੇ ਹਨ।ਦੁਪਹਿਰ 3 ਵਜੇ ਹੋਣ ਵਾਲੀਆਂ ਖੇਡ ਰੇਸਾਂ ਵਿੱਚ ਪ੍ਰਾਪਰ ਬੂਟ ਜਰੂਰੀ,ਚੇਅਰ ਖੇਡ,ਤਾਸ਼ ਦੀ ਐਂਟਰੀ ਫੀਸ 20 ਡਾਲਰ ਅਤੇ ਬਚਿੱਆਂ ਦੀਆਂ ਖੇਡਾਂ ਲਈ ਆਈ ਡੀ ਜਰੂਰੀ ਹੋਵੇਗੀ।ਵੈਜੀਟੇਰੀਅਨ ਆਈਟਮਾਂ ਜੇਕਰ ਕੋਈ ਘਰੋਂ ਲਿਆ ਸਕਦਾ ਹੈ ਤਾਂ ਲਿਆਂਦੀਆਂ ਜਾ ਸਕਦੀਆਂ ਹਨ ਅਤੇ ਇਸ ਸੰਬਧੀ ਪ੍ਰੰਬਧਕਾਂ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਹੋਰ ਕੋਈ ਐਂਟਰੀ ਫੀਸ ਨਹੀਂ ਹੈ। ਦੂਸਰੀਆਂ ਖੇਡਾਂ ਵਾਸਤੇ ਕੋਈ ਐਂਟਰੀ ਫੀਸ ਨਹੀਂ ਹੈ। ਖਾਣੇ ਦੀ ਕੋਈ ਐਂਟਰੀ ਫੀਸ ਨਹੀਂ ਹੋਵੇਗੀ। ਪਰਿਵਾਰ, ਰਿਸ਼ਤੇਦਾਰ, ਯਾਰਾਂ-ਦੋਸਤਾਂ ਨਾਲ ਖੁੱਲਾ ਸੱਦਾ। ਕਨੇਡਾ ਡੇ,2019 ਦੇ ਜਸ਼ਨ ਦਾ ਪ੍ਰੋਗਰਾਮ ਦੁਪਹਿਰ 2 ਵਜੇ ਤੋਂ 7 ਵਜੇ ਤੱਕ ਹੋਵੇਗਾ ਜਿਸ ਦੌਰਾਨ ਕਨੇਡਾ ਦਾ ਰਾਸ਼ਟਰੀ ਗੀਤ 'ਓ ਕਨੇਡਾ' ਦੁਪਹਿਰ 2:45 ਤੇ ਗਾਇਆ ਜਾਵੇਗਾ।ਖੇਡਾਂ ਸ਼ਾਮ 4:30 ਸ਼ੁਰੂ,ਇਨਾਮ ਸ਼ਾਮ 6:30 ਵਜੇ ਦਿੱਤੇ ਜਾਣਗੇ।ਸ਼ਾਮ ਨੂੰ ਰਾਜਨੀਤਿਕ ਲੀਡਰਾਂ ਵਿੱਚ ਐਮ ਪੀ, ਐਮ ਪੀ ਪੀ, ਰੀਜਨਲ ਕੌਂਸਲਰ,ਕੌਂਸਲਰ ਅਤੇ ਸਕੂਲ ਟਰੱਸਟੀਜ਼ ਦੀਆਂ ਸਪੀਚਾਂ ਹੋਣਗੀਆਂ। ਮਾਉਂਟੇਨਐਸ਼ ਪਾਰਕ,ਸੰਡਲਵੁੱਡ ਅਤੇ ਮਾਉਂਟੇਨਐਸ਼ ਰੋਡ ਤੇ ਸਥਿਤ ਹੈ।ਹੋਰ ਜਾਣਕਾਰੀ ਲਈ ਸੀਰਾ ਸਾਹਿਬ 416 451 7895,ਢਿੱਲੋਂ ਸਾਹਿਬ 289 654 5091,ਬੈਂਸ ਸਾਹਿਬ ਨਾਲ 647 688 0481 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਮਲਕੀਤ ਸਿੰਘ ਜੀ
ਸੰਤ ਬਾਬਾ ਹਰਦਿਆਲ ਸਿੰਘ ਜੀ ਮੁਸਾਫਿਰ ਜੱਬਰ ਵਾਲੇ

ਬਰਸੀ ਸਮਾਗਮ


ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਮਿਸੀਸਾਗਾ

ਮਿਤੀ 28 ਜੁਲਾਈ ਦਿਨ ਐਤਵਾਰ

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਹਰਦਿਆਲ ਸਿੰਘ ਜੀ ਮੁਸਾਫਿਰ ਜੱਬਰ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਉਹਨਾ ਦੇ ਬਰਸੀ ਸਮਾਗਮ ਆਦਮਪੁਰ ਦੁਆਬਾ ਦੇ ਆਸ ਪਾਸ ਇਲਾਕੇ ਦੇ ਪਿੰਡਾਂ ਦੀ ਸਾਧ ਸੰਗਤ ਵਲੋਂ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਏ ਜਾ ਰਹੇ ਹਨ। ਇਹ ਸਮਾਗਮ 28 ਜੁਲਾਈ ਦਿਨ ਐਤਵਾਰ ਨੂੰ ਹਾਲ ਨੰ 5 ਤੇ' ਗੁਰੂਦੁਆਰਾ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਹੋਣਗੇ।

ਪ੍ਰੋਗਰਾਮ ਦਾ ਵੇਰਵਾ
ਆਰੰਭ ਸ੍ਰੀ ਆਖੰਡ ਪਾਠ ਸਾਹਿਬ
ਦਿਨ ਸ਼ੁੱਕਰਵਾਰ 26 ਜੁਲਾਈ 2019 ਸਵੇਰੇ 10 ਵਜੇ
ਭੋਗ ਸ੍ਰੀ ਆਖੰਡ ਪਾਠ ਸਾਹਿਬ
ਦਿਨ ਐਤਵਾਰ 28 ਜੁਲਾਈ 2019 ਸਵੇਰੇ 10 ਵਜੇ

ਉਪਰੰਤ ਅਲਾਹੀ ਬਾਣੀ ਦੇ ਕੀਰਤਨ ਅਤੇ ਢਾਡੀ ਵਾਰਾਂ ਦੇ ਪ੍ਰਵਾਹ ਚੱਲਣਗੇ। ਵਿਦਾਵਾਨਾ ਵਲੋਂ ਮਹਾਂਪੁਰਸ਼ਾ ਦੇ ਜੀਵਨ ਬਾਰੇ ਵਿਚਾਰਾਂ ਸਾਝੀਆਂ ਕੀਤੀਆਂ ਜਾਣਗੀਆਂ। ਸਭ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਇਸ ਸਮਾਗਮ ਵਿੱਚ ਸ਼ਮੂਲੀਅਤ ਕਰੋ ਜੀ।



ਸੰਤ ਬਾਬਾ ਭਾਗ ਸਿੰਘ ਜੀ



ਸੰਤ ਬਾਬਾ ਮਲਕੀਤ ਸਿੰਘ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ ਅਵਤਾਰ ਸਿੰਘ ਮਿਨਹਾਸ 416 744 9393,
ਮਹਿੰਦਰ ਸਿੰਘ ਢਿੱਲੋਂ 905 495 3227, ਪ੍ਰਿਤਪਾਲ ਸਿੰਘ ਪੰਮਾ 647 867 9545

ROYAL CANADIAN Family CIRCUS UNDER THE BIG TOP

Run Away to the Circus for a Day!

BRING THIS AD TO THE BIG TOP BOX OFFICE BUY 2 FOR THE PRICE OF 1


ALL NEW SHOW

MISSISSAUGA - Sheridan Centre
AUGUST 1 – 5

ETOBICOKE • JULY 18 – 21
SCARBOROUGH • JULY 25 – 28
BURLINGTON • AUGUST 9 – 11
MILTON • AUGUST 15 – 18




BUY 2 FOR THE PRICE OF 1
www.royalcanadiancircus.ca
PROMO CODE: punjabi
"DISCOUNT AVAILABLE ON GENERAL ADMISSION TICKETS ONLY"
Tickets: Sheridan Centre "Rush For Men"
• Woodbine Mall - Guest Services Info Desk
• Bridlewood Mall Management Office
OR: On-site Circus Box Office (on day of performance) - Cash Sales Only
NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*
*ACTS SUBJECT TO CHANGE.




Save up to $18.00*
*Valid for $3.00 off any regular admission. Offer valid to a maximum of six (6) persons per vehicle. Only one coupon or discount per family vehicle accepted. Cannot be used in conjunction with any other offer. Coupon must be presented at time of ticket purchase. Discounts of any kind will not be accepted after payment has been finalized. No cash value. Not valid for groups. Valid until September 29, 2019. C0022
Located One Hour West of Toronto. 1386 Cooper Road, Hamilton, Ontario
VISIT LIONSAFARI.COM AND PLAN YOUR TRIP TODAY!

ASIAN FOOD CENTRE



FRESH & LARGE VARIETY
Bread , Derry & Eggs | Fruits & Vegetables | Sweet & Samosas
Branded Foods | Beverages & Confectionery | Grocery & Staples

VEGETARIAN FOOD
HEALTHY EATING



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

